# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 41 | Wednesday, March 04, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਕੋਵਿਡ-19 ਨੂੰ ਵੱਡੀ ਚੁਣੌਤੀ ਦੱਸਦਿਆਂ ਟਰੂਡੋ ਨੇ ਕੈਨੇਡੀਅਨਾਂ ਨੂੰ ਅਹਿਤਿਆਤ ਵਰਤਣ ਲਈ ਕਿਹਾ

ਓਟਵਾ, 3 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡੀਅਨਾਂ ਨੂੰ ਖੁਦ ਨੂੰ ਤੇ ਆਪਣੇ ਪਰਿਵਾਰਾਂ ਨੂੰ ਨੋਵਲ ਕੋਰੋਨਾਵਾਇਰਸ ਤੋਂ ਬਚਾ ਕੇ ਰੱਖਣ ਤੇ ਅਹਿਤਿਆਤ ਵਰਤਣ ਦੀ ਅਪੀਲ ਕੀਤੀ ਗਈ ਹੈ। ਇਸ ਦੇ ਨਾਲ ਹੀ ਕੋਵਿਡ-19 ਬਾਰੇ ਫੈਲ ਰਹੀ ਗਲਤ ਜਾਣਕਾਰੀ ਤੋਂ ਵੀ ਬਚਣ ਲਈ ਆਖਿਆ ਜਾ ਰਿਹਾ ਹੈ।



ਟਰੂਡੋ ਨੇ ਕੋਵਿਡ-19 ਨੂੰ ਵੱਡੀ ਚੁਣੌਤੀ ਦੱਸਿਆ ਤੇ ਆਖਿਆ ਕਿ ਭਾਵੇਂ ਕੈਨੇਡਾ ਵਿੱਚ ਇਸ ਦਾ ਖਤਰਾ ਕਾਫੀ ਘੱਟ ਹੈ ਪਰ ਫੈਡਰਲ ਸਰਕਾਰ ਹਾਲਾਤ ਉੱਤੇ ਨਜ਼ਰ ਰੱਖ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਹੁਣ ਲੱਗਭਗ ਹਰੇਕ ਮਹਾਦੀਪ ਉੱਤੇ ਫੈਲ ਚੁੱਕੇ ਇਸ ਵਾਇਰਸ ਤੋਂ ਬਚਣ ਲਈ ਕੈਨੇਡੀਅਨਾਂ ਨੂੰ ਕੁੱਝ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਮੰਗਲਵਾਰ ਨੂੰ ਕੈਨੇਡਾ ਵਿੱਚ ਕੋਵਿਡ-19 ਦੇ ਕੇਸਾਂ ਦੀ ਗਿਣਤੀ 30 ਤੱਕ ਅੱਪੜ ਗਈ ਤੇ ਦੁਨੀਆ ਭਰ ਵਿੱਚ ਇਸ ਦੇ 92,196 ਮਾਮਲੇ ਸਾਹਮਣੇ ਆ ਚੁੱਕੇ ਹਨ। ਹੁਣ ਤੱਕ ਇਸ ਵਾਇਰਸ ਕਾਰਨ ਦੁਨੀਆ ਭਰ ਵਿੱਚ 3,129 ਲੋਕ ਮਾਰੇ ਜਾ ਚੁੱਕੇ ਹਨ। ਪਰ ਅਜੇ ਤੱਕ ਕੈਨੇਡਾ ਵਿੱਚ ਕੋਰੋਨਾਵ-ਾਇਰਸ ਕਾਰਨ ਕਿਸੇ ਦੀ ਮੌਤ ਨਹੀਂ ਹੋਈ। ਪਰ ਪਿੱਛੇ ਜਿਹੇ ਓਨਟਾਰੀਓ ਵਿੱਚ ਇਸ ਵਾਇਰਸ ਕਾਰਨ ਬਿਮਾਰ ਪਏ ਜਾਂ ਵਾਇਰਸ ਤੋਂ ਰਿਕਵਰ ਹੋਣ ਵਾਲਿਆਂ ਦੀ ਗਿਣਤੀ 20 ਤੱਕ ਅੱਪੜ ਗਈ, ਅਜੇ 45 ਹੋਰ ਵਿਅਕਤੀਆਂ ਦੀ ਜਾਂਚ ਕੀਤੀ ਜਾ ਰਹੀ ਹੈ।

ਟਰੂਡੋ ਨੇ ਆਖਿਆ ਕਿ ਇਸ ਦੇ ਲੱਛਣ ਵੀ ਫਲੂ ਵਰਗੇ ਹੀ ਹੁੰਦੇ ਹਨ ਇਸ ਲਈ ਸਾਨੂੰ ਨਿਯਮਿਤ ਤੌਰ ਉੱਤੇ ਹੱਥ ਧੋਂਦੇ ਰਹਿਣਾ ਚਾਹੀਦਾ ਹੈ। ਜਦੋਂ ਜ਼ੁਕਾਮ ਹੁੰਦਾ ਹੈ ਤਾਂ ਉਸ ਦੇ ਲੱਛਣਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਆਪਣੇ ਪਰਿਵਾਰਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ, ਮੂੰਹ ਅੱਗੇ ਬਾਂਹ ਕਰਕੇ ਖੰਘਣਾ ਚਾਹੀਦਾ ਹੈ ਅਤੇ ਸਫਰ ਕਰਦੇ ਸਮੇਂ ਕੁਝ ਜ਼ਿਆਦਾ ਅਹਿਤਿਆਤ ਵਰਤਣੀ ਚਾਹੀਦੀ ਹੈ। ਕੋਵਿਡ-19 ਬਾਰੇ ਫੈਲ ਰਹੀ ਗਲਤ ਜਾਣਕਾਰੀ ਦੇ ਮੱਦੇਨਜ਼ਰ ਉਨ੍ਹਾਂ ਲੋਕਾਂ ਨੂੰ ਆਖਿਆ ਕਿ ਖੁਦ ਨੂੰ ਹੈਲਥ ਕੈਨੇਡਾ ਦੀ ਵੈਬਸਾਈਟ ਉੱਤੇ ਦਿੱਤੀ ਗਈ ਤਾਜ਼ਾ ਜਾਣਕਾਰੀ ਨਾਲ ਅਪਡੇਟ ਕਰਦੇ ਰਹਿਣ।

# ਕਲਾਸਾਂ ਦੇ ਆਕਾਰ, ਈ-ਲਰਨਿੰਗ ਦੇ ਮੁੱਦੇ ਉੱਤੇ ਪਿੱਛੇ ਹਟਣ ਲਈ ਤਿਆਰ ਫੋਰਡ ਸਰਕਾਰ!

ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਮੰਗਲਵਾਰ ਨੂੰ ਅਚਾਨਕ ਹਾਈ ਸਕੂਲ ਕਲਾਸਾਂ ਦੇ ਆਕਾਰ ਤੇ ਈ-ਲਰਨਿੰਗ ਦੇ ਆਪਣੇ ਫੈਸਲੇ ਨੂੰ ਲੱਗਭਗ ਵਾਪਿਸ ਲੈਣ ਦਾ ਫੈਸਲਾ ਕੀਤਾ ਹੈ। ਲੰਮੇਂ ਸਮੇਂ ਤੋਂ ਹੀ ਅਧਿਆਪਕਾਂ ਵੱਲੋਂ ਆਪਣੇ ਹੋਰਨਾਂ ਮੁੱਦਿਆਂ ਸਮੇਤ ਇਨ੍ਹਾਂ ਦੋਵਾਂ ਮੁੱਦਿਆਂ ਦਾ ਵਿਰੋਧ ਕੀਤਾ ਜਾ ਰਿਹਾ ਸੀ ਤੇ ਇਸ ਸਬੰਧ ਵਿੱਚ ਲਗਾਤਾਰ ਸਿਲਸਿਲੇਵਾਰ ਹੜਤਾਲ ਕੀਤੀ ਜਾ ਰਹੀ ਸੀ।



ਪਿਛਲੇ ਸਾਲ ਬਾਰਗੇਨਿੰਗ ਸ਼ੁਰੂ ਹੋਣ ਤੋਂ ਵੀ ਬਹੁਤ ਪਹਿਲਾਂ ਸਰਕਾਰ ਵੱਲੋਂ ਨਵੇਂ ਤੇ ਲਾਜ਼ਮੀ ਈ-ਲਰਨਿੰਗ ਕੋਰਸ ਐਲਾਨੇ ਜਾਣ ਦੇ ਨਾਲ ਨਾਲ ਹਾਈ ਸਕੂਲ ਕਲਾਸਾਂ ਦੇ ਆਕਾਰ ਵਿੱਚ ਵਾਧਾ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਸੀ। ਇਸ ਨਾਲ ਜਿੱਥੇ ਅਧਿਆਪਕ ਨਾਰਾਜ਼ ਹੋਏ ਉੱਥੇ ਹੀ ਤਣਾਅਪੂਰਨ ਗੱਲਬਾਤ ਦਾ ਵੀ ਮੁੱਢ ਬੱਝਿਆ। ਵੱਧ ਰਹੀ ਲੇਬਰ ਬੇਚੈਨੀ ਦੇ ਬਾਵਜੂਦ ਸਰਕਾਰ ਵੱਲੋਂ ਇਸ ਪਾਸੇ ਕੋਈ ਬਹੁਤਾ ਕੰਮ ਨਹੀਂ ਸੀ ਕੀਤਾ ਗਿਆ ਤੇ ਹੁਣ ਮੰਗਲਵਾਰ ਨੂੰ ਸਿੱਖਿਆ ਮੰਤਰੀ ਲਿਚੇ ਨੇ ਦੋਵਾਂ ਫਰੰਟਜ਼ ਉੱਤੇ ਆਪਣਾ ਰੁਖ ਨਰਮ ਕਰਦਿਆਂ ਇਨ੍ਹਾਂ ਨੂੰ ਵਾਪਿਸ ਲੈਣ ਦਾ ਸੰਕੇਤ ਦਿੱਤਾ। ਹੁਣ ਓਨਟਾਰੀਓ ਹਾਈ ਸਕੂਲ ਕਲਾਸਾਂ ਦੇ ਆਕਾਰ ਵਿੱਚ ਸਿਰਫ ਇੱਕ ਵਿਦਿਆਰਥੀ ਭਾਵ ਕਲਾਸ ਵਿੱਚ ਵਿਦਿਆਰਥੀਆਂ ਦੀ ਗਿਣਤੀ 23 ਕਰਨ ਦੀ ਪੇਸ਼ਕਸ਼ ਕਰ ਰਹੀ ਹੈ ਜੋ ਕਿ ਪਹਿਲਾਂ ਇੱਕ ਕਲਾਸ ਵਿੱਚ 28 ਵਿਦਿਆਰਥੀਆਂ ਦੇ ਮੁਕਾ-ਬਲੇ ਬਹੁਤ ਘੱਟ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ


ਨਵ ਭਾਟੀਆ ਨੂੰ ਸੀਆਈਐਫ ਦੇ ਗਲੋਬਲ ਇੰਡੀਅਨ ਐਵਾਰਡ ਨਾਲ ਜਾਵੇਗਾ ਨਵਾਜਿਆ — ਪੰਨਾ 03



ਦਿੱਲੀ ਦੀ ਹਿੰਸਾ ਕਾਰਨ ਪਾਰਲੀਮੈਂਟ ਵਿਚ ਦੂਜੇ ਦਿਨ ਵੀ ਜ਼ੋਰਦਾਰ ਹੰਗਾਮਾ — ਪੰਨਾ 04




## ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ, ਜ਼ਿਲਾ ਅਟਕ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ, ਜ਼ਿਲਾ ਅਟਕ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance | Critical illness Ins | Mortgage Insurance | Travel & Visitor Ins | Disability Insurance | RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance | Life & Disability | Critical illness | RESP | Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration | Real Estate / Commercial Law | Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B | 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Law Office of Aman Sharma
Real Estate - Commercial Lease | Business Purchase & Sale | Notarizations & Affidavits | Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma | Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment | Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration | Real Estate | Family Law | Business Closing | Corporate | Wills & Estate | Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? | ਗਾਰਨਿਸ਼ਮੈਂਟ? | ਬੈਂਕ ਵਲੋਂ ਪੈਸੇ ਦੀ ਮੰਗ ? | ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available | 1888 864 3131
Jasbir Singh Hundal Qualified Credit Counsellor
www.MakeMeDebtFree.ca | 416-502-3100 | Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic.12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

Super Visa Insurance | Visitor Visa Insurance | Travel Insurance | Student Insurance | New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

A1 RENOVATIONS
Commercial & Residential Renovations
**Professional, Reliable & Experienced**
Services: Painting | Drywalls | Plumbing | Electrical | Flooring | Complete Basement Renovation | Kitchen & Washrooms | Concrete Services (Driveways & Sidewalks)
5-10 % DISCOUNT
Note: Complete basement (passed by city) Certified GasTechnician
Call Bobby Mann today !! 647-407-9595 a1floor_2000@hotmail.com
*Some condition apply

You can Place Your Business Here To Reach Wider Audience
(905)793-2202

Royal Pest Control
Residential | Commercial | Industrial
Specialist in Bedbugs Service
All Pest Control : Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

MANN LAW FIRM
Real Estate Law | Business Law | Wills & Estates | Family Law | Power of Attorney | Civil Litigation | Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
Purchase | Refinance | Renewal
Get Pre Approved
Call today !! 647-964-0060
gurvinder.mangat@nbc.ca
NATIONAL BANK | 10520 Torbram Rd, Brampton, ON L6R 3N9
GURVINDER MANGAT Mortgage Development Manager

HELPING YOU PLAN TODAY...FOR TOMORROW
Supervisa / Visitor Insurance | Life /Mortgage/Funeral Insurance | Disability Insurance | Critical Illness Insurance | RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

HSBA Tax Services
20% Discount For Students, New Immigrants and Senior Citizens
Personal / Corporation Tax | Accounting / Bookkeeping | Business Registrations | HST/WSIB/Payroll | Financial Statements/Audits | Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished | Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca | ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NEW
NATION-WIDE. NO ZONES.
TALK, TEXT & DATA PLANS
$35/MO.
Data everywhere.
No surprise charges
anywhere.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਨਵ ਭਾਟੀਆ ਨੂੰ ਸੀਆਈਐਫ ਦੇ ਗਲੋਬਲ ਇੰਡੀਅਨ ਐਵਾਰਡ ਨਾਲ ਜਾਵੇਗਾ ਨਵਾਜਿਆ



ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਟੋਰਾਂਟੋ ਰੈਪਟਰਜ਼ ਦੇ ਸੁਪਰਫੈਨ ਨਵ ਭਾਟੀਆ ਨੂੰ ਕੈਨੇਡਾ ਇੰਡੀਆ ਫਾਊਂਡੇਸ਼ਨ ਐਨੂਅਲ ਗਲੋਬਲ ਇੰਡੀਅਨ ਐਵਾਰਡ 2020 ਨਾਲ ਸਨਮਾਨਿਤ ਕੀਤਾ ਜਾਵੇਗਾ।

ਇਹ ਐਲਾਨ ਕਰਦਿਆਂ ਕੈਨੇਡਾ ਇੰਡੀਆ ਫਾਊਂਡੇਸ਼ਨ ਦੇ ਚੇਅਰ ਅਨਿਲ ਸ਼ਾਹ ਨੇ ਆਖਿਆ ਕਿ ਖੇਡਾਂ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਲਈ ਨਵ ਭਾਟੀਆ ਨੂੰ ਹੀ ਸਾਡੀ ਫਾਊਂਡੇਸ਼ਨ ਦੇ ਬੋਰਡ ਆਫ ਗਵਰਨਰਜ਼ ਵੱਲੋਂ ਸਰਬਸੰਮਤੀ ਨਾਲ ਇਹ ਸਨਮਾਨ ਦਿੱਤਾ ਜਾਵੇਗਾ। ਨਵ ਭਾਟੀਆ ਨੂੰ ਇਹ ਐਵਾਰਡ ਬਰੈਂਪਟਨ ਦੇ ਪੀਅਰਸਨ ਕਨਵੈਨਸ਼ਨ ਸੈਂਟਰ ਵਿੱਚ 10 ਜੁਲਾਈ 2020 ਨੂੰ ਸਾਲਾਨਾ ਗਲੋਬਲ ਇੰਡੀਅਨ ਐਵਾਰਡ ਗਾਲਾ ਵਿੱਚ ਦਿੱਤਾ ਜਾਵੇਗਾ। ਗ੍ਰੈਂਡ ਸਾਲਾਨਾ ਐਵਾਰਡ ਸਮਾਰੋਹ ਵਿੱਚ 700 ਤੋਂ ਵਧ ਮਹਿਮਾਨ ਹਿੱਸਾ ਲੈਂਦੇ ਹਨ।

ਸੀਆਈਐਫ ਐਨੂਅਲ ਗਲੋਬਲ ਇੰਡੀਅਨ ਐਵਾਰਡ ਅਜਿਹੇ ਪਹਿਲੇ ਐਵਾਰਡ ਹਨ ਜਿਹੜੇ ਭਾਰਤ ਤੋਂ ਬਾਹਰ ਦਿੱਤੇ ਜਾਂਦੇ ਹਨ। ਇਹ ਅਜਿਹੇ ਸ਼ਖਸ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਗਲੋਬਲ ਪੱਧਰ ਉੱਤੇ ਲੀਡਰਸ਼ਿਪ ਦਾ ਮੁਜ਼ਾਹਰਾ ਕੀਤਾ ਹੋਵੇ, ਜਿਸਦਾ ਨਜ਼ਰੀਆ ਸਪਸ਼ਟ ਹੋਵੇ ਤੇ ਨਿਜੀ ਤੌਰ ਉੱਤੇ ਵੀ ਉਸ ਦੀਆਂ ਆਪਣੀਆਂ ਪ੍ਰਾਪਤੀਆਂ ਕਮਾਲ ਦੀਆਂ ਹੋਣ। ਇਸ ਐਵਾਰਡ ਵਿੱਚ 50,000 ਕੈਨੇਡੀਅਨ ਡਾਲਰ ਦਿੱਤੇ ਜਾਂਦੇ ਹਨ ਤੇ ਇਸ ਐਵਾਰਡ ਨੂੰ ਹਾਸਲ ਕਰਨ ਵਾਲਾ ਇਹ ਰਕਮ ਆਪਣੀ ਮਰਜ਼ੀ ਦੀ ਚੈਰਿਟੀ ਨੂੰ ਦਾਨ ਕਰ ਸਕਦਾ ਹੈ।

ਨਵ ਭਾਟੀਆ ਕੈਨੇਡੀਅਨ ਕਾਰੋਬਾਰੀ ਹਨ, ਜਿਨ੍ਹਾਂ ਨੂੰ ਦੁਨੀਆ ਭਰ ਵਿਚ ਟੋਰਾਂਟੋ ਰੈਪਟਰਜ਼ ਬਾਸਕਿਟਬਾਲ ਟੀਮ ਪ੍ਰਤੀ ਸਮਰਪਣ ਲਈ ਜਾਣਿਆ ਜਾਂਦਾ ਹੈ। ਪਿਛਲੇ 25 ਸਾਲਾਂ ਵਿੱਚ ਉਨ੍ਹਾਂ ਦੀ ਟੀਮ ਨੇ ਜਿੰਨੇ ਵੀ ਮੈਚ ਖੇਡੇ ਹਨ ਉਨ੍ਹਾਂ ਵਿੱਚੋਂ ਇਕ ਵੀ ਭਾਟੀਆ ਨੇ ਮਿਸ ਨਹੀਂ ਕੀਤਾ ਹੈ। 2020 ਵਿੱਚ ਉਨ੍ਹਾਂ ਨੂੰ ਬਾਸਕਿਟਬਾਲ ਹਾਲ ਆਫ ਫੇਮ ਵੱਲੋਂ ਵੀ ਨਿਵਾਜਿਆ ਜਾ ਚੁੱਕਿਆ ਹੈ। ਇਸ ਤਰ੍ਹਾਂ ਉਹ ਪਹਿਲੇ ਫੈਨ ਬਣ ਗਏ ਹਨ ਜਿਨ੍ਹਾਂ ਨੂੰ ਨਵੀਂ ਸੁਪਰਫੈਨ ਗੈਲਰੀ ਵਿੱਚ ਚੇਤੇ ਰੱਖਿਆ ਜਾਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁੱਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
DOON SOUTH - KITCHENER "4 BEDROOM HOME" SEPARATE ENTRANCE TO BASEMENT
ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ। ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਨਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777

IN - LAW SUITE 2018
Gated Executive Community Large Custom Built Bungalow
"EXECUTIVE LARGE FAMILY HOME IN-LAW SUITE" MLS# 30781327
ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ। ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ। ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ।
ASKING $1,550,000
Call Joseph today 519-575-2777

"BUILDERS / DEVELOPERS" "23 LOT APPROVED SUBDIVISION" "66 foot lots"
Incredible opportunity that will not last! This 23 lot approved sub division means you do not have to wait to build. All engineering is complete. Ready to go!
Asking $ 1,990,000
Call Joseph today 519-575-2777

End Unit Townhome
4 BEDROOM + 2 BATHROOM END UNIT TOWN HOME WITH FINISHED BASEMENT
ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫਸਿ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ।
ASKING $549,0000
Call Joseph today 519-575-2777
MLS #30790510

BRAND NEW HOME
3 BEDROOM + 3 WASHROOM BRAND NEW 2 STORY HOME
ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੂਡ ਦੀ ਪੌੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ। ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਡ ਵਾਕ ਇਨ ਕਲਾਜਟ ਅਤਟ ਇਨਸੂਟ ਵਾਸ਼ਰੂਮ ਹੈ।
MLS #30790214
ASKING $609,000
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਆਇਆ ਸਿੱਧੂ ਨਾ ਕੋਠੀ ਤੋਂ ਬਾਹਰ ਹਾਲੇ,
ਹੋਇਆ ਚਰਚਿਆਂ ਦਾ ਦੌਰ ਗਰਮ ਮੀਆਂ।
ਦੋ-ਤਿੰਨ ਧਿਰਾਂ ਨੂੰ ਆਸ ਕਿ ਆਊ ਏਧਰ,
ਇਹ ਵੀ ਆਸ ਆ ਜਾਪਦੀ ਭਰਮ ਮੀਆਂ।
ਜਿਹੜੇ ਸਿੱਧੂ ਦੀ ਨਿੰਦਾ ਸੀ ਬਹੁਤ ਕਰਦੇ,
ਲੱਗੇ ਸੱਦਣ ਉਹ ਛੱਡ ਸਭ ਸ਼ਰਮ ਮੀਆਂ।
ਸਿੱਧੂ ਮਾਰ ਕੇ ਗੁੱਛੀ ਪਿਆ, ਬੋਲਦਾ ਨਹੀਂ,
ਨਾ ਉਹ ਨਰਮ ਨਾ ਜਾਪਿਆ ਗਰਮ ਮੀਆਂ।
ਚੁੱਪ ਹੈ ਸਿੱਧੂ ਦੀ ਭਾਸ਼ਣ ਤੋਂ ਵੱਧ ਕਰੜੀ,
ਕਈਆਂ ਲੋਕਾਂ ਦੀ ਨੀਂਦ ਉਡਾਈ ਉਸ ਨੇ।
ਸੋਚਣ ਸਾਰੇ ਬਈ ਪਤਾ ਨਹੀਂ ਕਰੂਗਾ ਕੀ,
ਜਦੋਂ ਬੈਟਿੰਗ ਲਈ ਬੈਟ ਉਠਾਈ ਉਸ ਨੇ।

**ਤੀਸ ਮਾਰ ਖਾਂ**

# ਦਿੱਲੀ ਦੀ ਹਿੰਸਾ ਕਾਰਨ ਪਾਰਲੀਮੈਂਟ ਵਿਚ ਦੂਜੇ ਦਿਨ ਵੀ ਜ਼ੋਰਦਾਰ ਹੰਗਾਮਾ

ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਪਿਛਲੇ ਹਫਤੇ ਹੋਈ ਜ਼ੋਰਦਾਰ ਹਿੰਸਾ ਦੇ ਮੁੱਦੇ ਉੱਤੇ ਪਾਰਲੀਮੈਂਟ ਵਿਚ ਚਰਚਾ ਕਰਾਉਣ ਦੀ ਵਿਰੋਧੀ ਧਿਰ ਦੀ ਮੰਗ ਬਾਰੇ ਅੱਜ ਲਗਾਤਾਰ ਦੂਸਰੇ ਦਿਨ ਵੀ ਰੇੜਕਾ ਪਿਆ ਰਿਹਾ। ਇਸ ਬਾਰੇ ਵਿਰੋਧੀ ਧਿਰ ਦਾ ਦਾਅਵਾ ਹੈ ਕਿ ਪੂਰੀ ਦੁਨੀਆਂ ਦਿੱਲੀ ਦੀ ਹਿੰਸਾ ਦੀ ਚਰਚਾ ਕਰ ਰਹੀ ਹੈ, ਪਰ ਭਾਰਤ ਦੇ ਲੋਕਾਂ ਵੱਲੋਂ ਚੁਣੇ ਸਦਨ ਵਿੱਚ ਬੋਲਣ ਨਹੀਂ ਦਿਤਾ ਜਾਂਦਾ। ਇਸ ਪਿੱਛੋਂ ਵਿਰੋਧੀ ਧਿਰ ਦੇ ਹੰਗਾਮੇ ਵਿੱਚ ਲੋਕ ਸਭਾ ਅਤੇ ਰਾਜ ਸਭਾ ਨੂੰ ਦੋ ਵਾਰ ਮੁਲਤਵੀ ਕਰਨ ਪਿੱਛੋਂ ਪੂਰੇ ਦਿਨ ਲਈ ਉਠਾ ਦਿਤਾ ਗਿਆ।

ਅੱਜ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਜ਼ੋਰਦਾਰ ਹੰਗਾਮੇ ਕਾਰਨ ਕੁਝ ਸਮੇਂ ਲਈ ਹਾਕਮ ਧਿਰ ਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਚਾਲੇ ਧੱਕਾ-ਮੁੱਕੀ ਦੀ ਹਾਲਤ ਬਣ ਗਈ। ਹੰਗਾਮੇ ਦੌਰਾਨ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਸਰਕਾਰ ਇਸ ਮੁੱਦੇ ਉੱਤੇ ਹੋਲੀ ਦੇ ਬਾਅਦ ਚਰਚਾ ਕਰਵਾਉਣ ਨੂੰ ਤਿਆਰ ਹੈ। ਦੂਸਰੇ ਪਾਸੇ ਰਾਜ ਸਭਾ ਵਿਚ ਭਾਜਪਾ ਦੇ ਭੁਪਿੰਦਰ ਯਾਦਵ ਨੇ ਕਿਹਾ ਕਿ ਇਸ ਮੁੱਦੇ ਉੱਤੇ ਚਰਚਾ ਦਾ ਫ਼ੈਸਲਾ



ਚੇਅਰਮੈਨ ਉੱਤੇ ਛੱਡ ਦੇਣਾ ਚਾਹੀਦਾ ਹੈ।

ਪਾਰਲੀਮੈਂਟ ਦੇ ਦੋਵਾਂ ਹਾਊਸਾਂ ਵਿਚ ਇਸ ਮੁੱਦੇ ਉੱਤੇ ਵਿਰੋਧੀ ਧਿਰ ਦੇ ਰੌਲੇ ਵਿੱਚ ਸਵਾਲ-ਜਵਾਬ ਦਾ ਸਮਾਂ ਨਹੀਂ ਹੋ ਸਕਿਆ ਅਤੇ ਇਸ ਰੌਲੇ ਵਿਚ ਸਰਕਾਰ ਨੇ ਬੈਂਕਿੰਗ ਰੂਲਜ਼ ਸੋਧ ਬਿੱਲ ਨੂੰ ਪਾਸ ਕਰਾਉਣ ਦਾ ਯਤਨ ਕੀਤਾ ਤਾਂ ਵਿਰੋਧੀ ਮੈਂਬਰਾਂ ਦਾ ਗੁੱਸਾ ਹੋਰ ਵਧ ਗਿਆ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਦਿੱਲੀ ਹਿੰਸਾ ਵਾਲੇ ਮੁੱਦੇ ਉੱਤੇ ਚਰਚਾ ਕਰਾਉਣ ਦੀ ਵਿਰੋਧੀ ਧਿਰਾਂ ਦੀ ਮੰਗ ਨੂੰ ਜਾਇਜ਼ ਦੱਸ ਕੇ ਕਿਹਾ, 'ਇਕ ਘਟਨਾ ਵਾਪਰੀ ਹੈ, ਜਿਸ ਦੀ ਅਸੀਂ ਸਭ ਨਿਖੇਧੀ ਕਰਦੇ ਹਾਂ। ਇਸ ਦੀ ਪੂਰੀ ਦੁਨੀਆਂ ਵਿਚ ਤਾਂ ਚਰਚਾ ਹੋ ਰਹੀ ਹੈ, ਪਰ ਸਾਡੀ ਪਾਰਲੀਮੈਂਟ ਇਸ ਬਾਰੇ ਚਰਚਾ ਨਾ ਕਰੇ, ਇਹ ਬੜਾ ਅਜੀਬ ਲਗਦਾ ਹੈ। ਦੁਨੀਆਂ ਵੇਖਦੀ ਹੈ ਕਿ ਸਾਰੇ ਬੋਲ ਰਹੇ ਹਨ ਤੇ ਭਾਰਤ ਦੀ ਪਾਰਲੀਮੈਂਟ ਨਹੀਂ ਬੋਲ ਰਹੀ।' ਉਨ੍ਹਾਂ ਨੇ ਹਾਕਮ ਧਿਰ ਦੇ ਇਸ ਡਰ ਨੂੰ ਬੇਲੋੜਾ ਕਿਹਾ ਕਿ ਸਦਨ ਵਿਚ ਚਰਚਾ ਨਾਲ ਅਮਨ-ਕਾਨੂੰਨ ਦੀ ਹਾਲਤ ਵਿਗੜੇਗੀ। ਉਨ੍ਹਾਂ ਕਿਹਾ, 'ਸਦਨ ਦੇ ਸਾਰੇ ਮੈਂਬਰ ਅਪਣੀ ਜ਼ਿੰਮੇਵਾਰੀ ਸਮਝਦੇ ਹਨ। ਕੋਈ ਗ਼ੈਰ-ਜ਼ਿੰਮੇਵਾਰ ਨਹੀਂ ਹੋਵੇਗਾ, ਜਿਹੜਾ ਅੱਗ ਉੱਤੇ ਤੇਲ ਪਾਵੇਗਾ। ਸਾਰੇ ਹਾਲਾਤ ਉੱਤੇ ਪਾਣੀ ਤੇ ਮਿੱਟੀ ਪਾ ਕੇ ਜਾਣਗੇ।'

## ਕੈਪਟਨ ਦਾ ਦਾਅਵਾ: ਟਰਾਂਸਪੋਰਟ ਦੀ ਇਜਾਰੇਦਾਰੀ ਤੇ ਰੇਤ-ਬੱਜਰੀ ਮਾਫੀਆ ਖਤਮ ਕਰ ਕੇ ਹਟਾਂਗੇ

ਚੰਡੀਗੜ੍ਹ, 3 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਵਿਧਾਨ ਸਭਾ ਵਿੱਚ ਕਿਹਾ ਕਿ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਇਜਾਰੇਦਾਰੀ ਅਤੇ ਮੋਟੀ ਮੁਨਾਫਾਖੋਰੀ ਰੋਕਣ ਦੇ ਲਈ ਉਨ੍ਹਾਂ ਦੀ ਸਰਕਾਰ ਦੀ ਵਚਨਬੱਧਤਾ ਕਾਇਮ ਹੈ। ਇਸ ਦੇ ਨਾਲ ਉਨ੍ਹਾਂ ਨੇ ਪੰਜਾਬ ਵਿੱਚੋਂ ਰੇਤ ਮਾਫੀਆ ਦੇ ਖਾਤਮੇ ਲਈ ਨਵੀਂ ਮਾਈਨਿੰਗ ਨੀਤੀ ਲਾਗੂ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਦੀਆਂ ਬੱਸਾਂ ਵਿੱਚ ਸਫਰ ਕਰਨ ਵਾਲੀਆਂ ਔਰਤਾਂ ਨੂੰ ਕਿਰਾਏ ਵਿੱਚ 50 ਫੀਸਦੀ ਛੋਟ ਦਾ ਐਲਾਨ ਵੀ ਕੀਤਾ ਹੈ।



ਅੱਜ ਸਦਨ ਵਿੱਚ ਬੋਲਦੇ ਹੋਏ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਅਗਲੇ ਦੋ ਸਾਲਾਂ ਦੌਰਾਨ ਮਿੰਨੀ ਬੱਸਾਂ ਲਈ ਪੰਜ ਹਜ਼ਾਰ ਨਵੇਂ ਰੂਟ ਪਰਮਿਟ ਦਿੱਤੇ ਜਾਣਗੇ ਤਾਂ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਲਾਭ ਮਿਲ ਸਕੇ। ਉਨ੍ਹਾਂ ਸਦਨ ਵਿੱਚ ਦੱਸਿਆ ਕਿ ਅਗਲੇ ਦੋ ਸਾਲਾਂ ਵਿੱਚ 52 ਸੀਟਾਂ ਵਾਲੀਆਂ ਬੱਸਾਂ ਲਈ ਵੀ 2000 ਹੋਰ ਰੂਟ ਪਰਮਿਟ ਦਿੱਤੇ ਜਾਣਗੇ। ਰਾਜ ਦੀ ਟਰਾਂਸਪੋਰਟ ਪਾਲਿਸੀ ਬਾਰੇ ਉਨ੍ਹਾ ਕਿਹਾ ਕਿ ਇਸ ਵੇਲੇ ਕੇਸ ਅਦਾਲਤ ਵਿੱਚ ਹੈ, ਜਦੋਂ ਵੀ ਹੱਲ ਹੋਇਆ ਤਾਂ ਅਦਾਲਤ ਦੀਆਂ ਹਦਾਇਤਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਸਦਨ ਨੂੰ ਭਰੋਸਾ ਦਿੱਤਾ ਕਿ ਕੋਈ ਟਰਾਂਸਪੋਰਟ ਪਰਮਿਟ ਗੈਰ-ਕਾਨੂੰਨੀ ਸਾਬਤ ਹੋਇਆ ਤਾਂ ਰੱਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 142 ਪਰਮਿਟਾਂ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਦੀ ਜਾਂਚ ਹੋ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਬਾਕੀ 212 ਪਰਮਿਟਾਂ ਲਈ ਕਾਰਨ ਦੱਸੋ ਨੋਟਿਸ ਭੇਜਣ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਪਰਮਿਟ ਜਾਰੀ ਕਰਨ ਵਿੱਚ ਪੂਰੀ ਪਾਰਦਰਸ਼ਿਤਾ ਤੇ ਟਰਾਂਸਪੋਰਟ ਸੈਕਟਰ ਵਿੱਚ ਇਜਾਰੇਦਾਰੀ ਤੋੜਨ ਲਈ ਹਰ ਕਦਮ ਚੁੱਕਣ ਦੇ ਵਾਅਦੇ ਨਾਲ ਕਿਹਾ ਕਿ ਅਕਾਲੀ ਸਰਕਾਰ ਨੇ ਆਪਣੇ ਲਾਭ ਲਈ ਟਰਾਂਸਪੋਰਟ ਇਜਾਰੇਦਾਰੀ ਨੂੰ ਹੱਲਾਸ਼ੇਰੀ ਦਿੱਤੀ ਸੀ।

## ਪੰਜਾਬ ਵਿਧਾਨ ਸਭਾ : ਸੁਖਜਿੰਦਰ ਸਿੰਘ ਰੰਧਾਵਾ ਤੇ ਬਿਕਰਮ ਸਿੰਘ ਮਜੀਠੀਆ ਦੀ ਖੜਕ ਪਈ

** ਰੰਧਾਵਾ ਨੇ ਮਜੀਠੀਆ ਨੂੰ ਤੋਤਲਾ ਗੈਂਗਸਟਰ ਕਿਹਾ*

ਚੰਡੀਗੜ੍ਹ, 3 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਚਾਲੇ ਵਿਧਾਨ ਸਭਾ ਵਿੱਚ ਅੱਜ ਤਿੱਖੀ ਬਹਿਸ ਹੋ ਗਈ ਅਤੇ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਕਿ ਦੋਵਾਂ ਵਿਚਾਲੇ ਸਿੱਧੀ ਨਿੱਜੀ ਟੱਕਰ ਦਾ ਪ੍ਰਭਾਵ ਪੈਣ ਲੱਗ ਪਿਆ।

ਬਹਿਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਸੁਖਜਿੰਦਰ ਸਿੰਘ ਰੰਧਾਵਾ ਉੱਤੇ ਗੈਂਗਸਟਰਾਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਤਾਂ ਰੰਧਾਵਾ ਨੇ ਮਜੀਠੀਆ ਉੱਤੇ ਮੋੜਵਾਂ ਹਮਲਾ ਬੋਲ ਕੇ ਉਸ ਨੂੰ ਚਿੱਟੇ ਦਾ ਵਪਾਰੀ ਕਿਹਾ। ਬਹਿਸ ਏਨੀ ਕੁ ਤਿੱਖੀ ਹੋ ਗਈ ਕਿ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਸਰਕਾਰ ਬਾਰੇ ਇਹ ਗੱਲ ਕਹਿ ਦਿੱਤੀ ਕਿ ਇਹ ਸਾਡੀ ਸਰਕਾਰ ਦੀ ਨਲਾਇਕੀ ਹੈ ਕਿ ਚਿੱਟੇ ਦਾ ਵਪਾਰੀ ਖੁੱਲ੍ਹਾ ਘੁੰਮ ਰਿਹਾ ਹੈ।

ਭੜਕੀ ਹੋਈ ਇਸ ਬਹਿਸ ਦੌਰਾਨ ਅਕਾਲੀ ਦਲ ਨੇ ਸਦਨ ਤੋਂ ਵਾਕ ਆਊਟ ਕਰ ਦਿੱਤਾ। ਇਸ ਪਿੱਛੋਂ ਬਾਹਰ ਆਣ ਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਪੰਜਾਬ ਵਿੱਚ ਗੈਂਗਸਟਰਾਂ ਨੂੰ ਸ਼ਹਿ ਦਿੰਦਾ ਹੈ। ਮਜੀਠੀਆ ਨੇ ਕਿਹਾ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਵਲੋਂ ਜੇਲ ਵਿਚ ਬਹਿ ਕੇ ਕਤਲ ਕਰਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੱਗੂ ਭਗਵਾਨਪੁਰੀਆ ਦੀ ਮਾਂ ਕਾਂਗਰਸ ਪਾਰਟੀ ਦੀ ਵਰਕਰ ਹੋਣ ਕਰ ਕੇ ਜੱਗੂ ਨੂੰ ਸਰਕਾਰ ਦੀ ਸ਼ਹਿ ਹੈ ਤੇ ਉਹ ਜੇਲ ਵਿਚ ਬੈਠਾ ਸੁੱਖ ਸਹੂਲਤਾਂ ਮਾਣਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੱਗੂ ਦੀ ਪਤਨੀ ਦਾ ਵੀ ਕਤਲ ਹੋਇਆ ਸੀ, ਪਰ ਪੁਲਸ ਨੇ ਮੰਤਰੀ ਰੰਧਾਵਾ ਦੇ ਕਹਿਣ ਉੱਤੇ ਕਾਰਵਾਈ ਨਹੀਂ ਕੀਤੀ।

ਬਿਕਰਮ ਸਿੰਘ ਮਜੀਠੀਆ ਵਲੋਂ ਜੱਗੂ ਭਗਵਾਨਪੁਰੀਆ ਨਾਲ ਸੰਬੰਧਾਂ ਦੇ ਦੋਸ਼ਾਂ ਲਾਏ ਜਾਣ ਦਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਤਿੱਖਾ ਜਵਾਬ ਦੇਂਦਿਆਂ ਕਿਹਾ ਕਿ ਜੱਗ ਭਗਵਾਨਪੁਰੀਆ ਵੱਲੋਂ ਜੇਲ ਵਿਚ ਜਿਹੜਾ ਜਨਮ ਦਿਨ ਮਨਾਉਣ ਦੀ ਗੱਲ ਮਜੀਠੀਆ ਕਰ ਰਿਹਾ ਹੈ, ਉਹ ਉਸ ਨੇ ਮੇਰੇ ਵੱਲੋਂ ਜੇਲਾਂ ਦਾ ਚਾਰਜ ਲੈਣ ਤੋਂ ਪਹਿਲਾਂ ਮਨਾਇਆ ਸੀ। ਰੰਧਾਵਾ ਨੇ ਕਿਹਾ ਕਿ ਪੰਜਾਬ ਵਿਚ ਚਿੱਟਾ ਨਸ਼ਾ ਲਿਆਉਣ ਦਾ ਕਾਰੋਬਾਰ ਬਿਕਰਮ ਸਿੰਘ ਮਜੀਠੀਆ ਦੇ ਕਾਰਨ ਸ਼ੁਰੂ ਹੋਇਆ ਸੀ, ਇਸ ਦੇ ਬਾਵਜੂਦ ਸਾਡੀ ਸਰਕਾਰ ਅਤੇ ਪੁਲਸ ਉਸ ਉੱਤੇ ਕਾਰਵਾਈ ਨਹੀਂ ਕਰਦੀ। ਰੰਧਾਵਾ ਨੇ ਕਿਹਾ ਕਿ ਸਿਰਫ ਜੱਗੂ ਭਗਵਾਨਪੁਰੀਆ ਨਹੀਂ, ਪੰਜਾਬ ਦੇ ਸਾਰੇ ਗੈਂਗਸਟਰਾਂ ਦਾ ਲੀਡਰ ਮਜੀਠੀਆ ਹੈ। ਉਨ੍ਹਾਂ ਕਿਹਾ ਕਿ ਡਰੱਗ ਰੈਕੇਟ ਵਿਚ ਫੜੇ ਜਗਦੀਸ਼ ਭੋਲੇ ਨੇ ਵੀ ਇਹ ਕਿਹਾ ਸੀ ਕਿ ਪੰਜਾਬ ਵਿਚ ਡਰੱਗ ਟਰੇਡ ਦਾ ਸਰਗਣਾ ਬਿਕਰਮ ਸਿੰਘ ਮਜੀਠੀਆ ਹੈ।

ਮੰਤਰੀ ਰੰਧਾਵਾ ਨੇ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਤੋਤਲਾ ਗੈਂਗਸਟਰ ਆਖਦੇ ਹੋਏ ਕਿਹਾ ਕਿ ਅਸੀਂ ਜੇਲ੍ਹਾਂ ਦੀ ਸਫਾਈ ਦਾ ਕੰਮ ਸ਼ੁਰੂ ਕੀਤਾ ਹੈ ਤੇ ਮਜੀਠੀਆ ਦੇ ਕਹਿਣ ਉੱਤੇ ਇਹ ਬੰਦ ਨਹੀਂ ਕਰਾਂਗੇ। ਉਨ੍ਹਾ ਕਿਹਾ ਕਿ ਜਿਸ ਦਿਨ ਦਾ ਬਾਦਲ ਪਿਤਾ-ਪੁੱਤਰ ਨੇ ਬਿਕਰਮ ਸਿੰਘ ਮਜੀਠੀਆ ਨੂੰ ਸਿਆ-ਸਤ ਵਿਚ ਲਿਆਂਦਾ, ਉਸ ਨੇ ਅਕਾਲੀ ਦਲ ਤੇ ਪੰਜਾਬ ਦੀ ਜਵਾਨੀ ਦੋਵੇਂ ਖਤਮ ਕਰ ਛੱਡੇ ਹਨ। ਮਜੀਠੀਆ ਵਲੋਂ ਜੱਗੂ ਭਗਵਾਨਪੁਰੀਆ ਦੀ ਮਾਂ ਨੂੰ ਸ਼ਹਿ ਦੇਣ ਦੇ ਦੋਸ਼ ਰੱਦ ਕਰ ਕੇ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਤੇ ਪੰਜਾਬ ਪੁਲਸ ਨੂੰ ਬਿਕਰਮ ਸਿੰਘ ਮਜੀਠੀਆ ਉੱਤੇ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਤੇ ਖੁਦ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਚੋਟੀ ਦੇ 12 ਗੈਂਗਸਟਰਾਂ ਦੀ ਸੂਚੀ ਦੇ ਕੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਵੱਡੇ ਅੱਤਵਾਦੀਆਂ ਨੂੰ ਦੂਜੇ ਰਾਜਾਂ ਦੀਆਂ ਜੇਲਾਂ ਵਿਚ ਸ਼ਿਫਟ ਕਰਨ ਵਾਂਗ ਇਨ੍ਹਾਂ 12 ਗੈਂਗਸਟਰਾਂ ਨੂੰ ਤਾਮਿਲ ਨਾਡੂ ਜਾਂ ਕਿਸੇ ਹੋਰ ਰਾਜ ਦੀਆਂ ਜੇਲ੍ਹਾਂ ਨੂੰ ਭੇਜਿਆ ਜਾਵੇ, ਜਿੱਥੇ ਨਾ ਇਨ੍ਹਾਂ ਨੂੰ ਉਥੋਂ ਦੀ ਭਾਸ਼ਾ ਸਮਝ ਆਵੇ ਅਤੇ ਨਾ ਜੇਲ੍ਹਾਂ ਵਿੱਚੋਂ ਕਿਸੇ ਨਾਲ ਸੰਪਰਕ ਕਰ ਸਕਣ। ਰੰਧਾਵਾ ਨੇ ਕਿਹਾ ਕਿ ਉਹ ਆਪਣੇ ਬਾਰੇ ਹਰ ਜਾਂਚ ਕਰਾਉਣ ਨੂੰ ਤਿਆਰ ਹਨ ਅਤੇ ਮਜੀਠੀਆ ਵੀ ਇਸ ਤਰ੍ਹਾਂ ਦੀ ਜਾਂਚ ਲਈ ਤਿਆਰ ਹੋਵੇ।

## ਅਮਰੀਕਾ 'ਚ ਪੰਜਾਬੀ ਨੌਜਵਾਨ ਦਾ ਗੋਲੀਆਂ ਮਾਰਕੇ ਕਤਲ



ਵਾਈਟੀਅਰ, ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)-ਮਹਿੰਦਰ ਸਿੰਘ ਸਾਹੀ ਜੋ 6 ਮਹੀਨਿਆਂ ਦੇ ਵੀ ਘੱਟ ਸਮੇਂ ਤੋਂ ਪਹਿਲਾਂ ਅਮਰੀਕਾ ਆਇਆ ਸੀ ਤੇ ਇਕ ਸਟੋਰ ਉਪਰ ਕਲਕਰ ਵਜੋਂ ਕੰਮ ਕਰਦਾ ਸੀ, ਦੀ ਅਣਪਛਾਤੇ ਹਮਲਾਵਰ ਨੇ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ। ਦੋ ਬੱਚਿਆਂ ਦਾ ਬਾਪ 31 ਸਾਲਾ ਸਾਹੀ ਨੇ ਰਾਜਸੀ ਸ਼ਰਨ ਲਈ ਅਰਜੀ ਦਿੱਤੀ ਹੋਈ ਸੀ। ਉਹ ਆਪਣੇ ਪੰਜਾਬ ਵਿਚਲੇ ਘਰ ਦੇ ਜੀਆਂ ਦੇ ਗੁਜਾਰੇ ਲਈ ਨਿਰੰਤਰ ਪੈਸੇ ਭੇਜਦਾ ਰਹਿੰਦਾ ਸੀ ਕਿਉਂਕ ਉਹ ਪਰਿਵਾਰ ਦਾ ਇਕੋਇਕ ਕਮਾਊ ਮੈਂਬਰ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਉਹ 7 ਅਲੈਵਨ ਸਟੋਰ ਵਿਖੇ ਕੰਮ ਕਰਦਾ ਸੀ। ਸ਼ਾਮ 6 ਵਜੇ ਦੇ ਆਸ ਪਾਸ ਇਕ ਸ਼ੱਕੀ ਵਿਅਕਤੀ ਸਟੋਰ ਵਿਚ ਦਾਖਲ ਹੋਇਆ। ਪੁਲਿਸ ਅਨੁਸਾਰ ਉਸ ਦੇ ਹੱਥ ਵਿਚ ਸੈਮੀ ਆਟੋਮੈਟਿਕ ਡਗੰਨ ਸੀ। ਸੀ ਸੀ ਟੀਵੀ ਵੀਡੀਓ ਅਨੁਸਾਰ ਹੀ ਗੰਨਮੈਨ ਨਾਲ ਹਰ ਤਰਾਂ ਸਹਿਯੋਗ ਕਰਦਾ ਹੋਇਆ ਨਜਰ ਆ ਰਿਹਾ ਹੈ ਪਰ ਉਸ ਨੇ ਅਚਾਨਕ ਸਾਹੀ ਉਪਰ ਗੋਲੀਆਂ ਚਲਾ ਦਿੱਤੀਆਂ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਹਮਲਾਵਰ ਵੱਲੋਂ ਸਾਹੀ ਨੂੰ ਕਿਉਂ ਗੋਲੀਆਂ ਮਾਰੀਆਂ ਗਈਆਂ ਇਸ ਸਬੰਧੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਵਾਈਟੀਅਰ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਦੌਰਾਨ ਸਟੋਰ ਵਿਚ ਮੌਜੂਦ ਦੋ ਹੋਰ ਗਾਹਕ ਵੀ ਜ਼ਖਮੀ ਹੋਏ ਹਨ। ਹਮਲਾਵਰ ਮੌਕੇ ਤੋਂ ਫਰਾਰ ਹੋ ਗਿਆ ਜਿਸ ਦੀ ਪੁਲਿਸ ਭਾਲ ਕਰ ਰਹੀ ਹੈ।

## ਯੂ ਐੱਨ ਦੀ ਰਿਪੋਰਟ: ਸੰਸਾਰ ਦੀ 80 ਫ਼ੀਸਦੀ ਆਬਾਦੀ ਆ ਸਕਦੀ ਹੈ ਕੋਰੋਨਾ ਦੀ ਲਪੇਟ ਵਿੱਚ

ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਹਿਰ ਤੋਂ ਚੀਨ ਤੋਂ ਬਾਅਦ ਦੁਨੀਆ ਦੇ ਬਾਕੀ ਦੇਸ਼ ਵੀ ਪਰੇਸ਼ਾਨ ਹੋਣ ਲੱਗ ਪਏ ਹਨ। ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਨੇ ਇਸ ਵਾਇਰਸ ਨੂੰ ਪੂਰੀ ਗੰਭੀਰਤਾ ਨਾਲ ਲਿਆ ਅਤੇ ਇਸ ਦੇ ਵਧਦੇ ਕਹਿਰ ਤੋਂ ਚਿੰਤਾ ਪ੍ਰਗਟ ਕੀਤੀ ਹੈ। ਇਸ ਸੰਗਠਨ ਨੇ ਦੁਨੀਆ ਭਰ ਨੂੰ ਇਸ ਵਾਇਰਸ ਦੀ ਰੋਕਥਾਮ ਲਈ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਹੈ ਕਿ ਇਸ ਵਾਇਰਸ ਨੂੰ ਅੱਜ ਤੋਂ ਰੋਕਣ ਲਈ ਕੰਮ ਕਰਨ ਦੀ ਲੋੜ ਹੈ। ਜੇ ਇਸ ਉੱਤੇ ਸਭਨਾਂ ਦੇਸ਼ਾਂ ਨੇ ਮਿਲ ਕੇ ਕੰਮ ਕਰਨਾ ਸ਼ੁਰੂ ਨਾ ਕੀਤਾ ਤਾਂ ਇਸ ਦੇ ਨਤੀਜੇ ਵਜੋਂ ਦੁਨੀਆ ਦੇ 80 ਫ਼ੀਸਦੀ ਲੋਕ ਇਸ ਕਹਿਰ ਵਾਲੀ ਬਿਮਾਰੀ ਦੇ ਸ਼ਿਕਾਰ ਹੋਣਗੇ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਕਿਸੇ ਵੀ ਦੇਸ਼ ਨੇ ਇਸ ਤਰ੍ਹਾਂ ਦੇ ਵਾਇਰਸ ਦਾ ਸਾਹਮਣਾ ਨਹੀਂ ਸੀ ਕੀਤਾ, ਜਿਸ ਕਾਰਨ ਏਦਾਂ ਦੀ ਬਿਮਾਰੀ ਨਾਲ ਨਜਿੱਠਣ ਬਾਰੇ ਕਿਸੇ ਦੇਸ਼ ਕੋਲ ਲੋੜ ਜੋਗੀ ਜਾਣਕਾਰੀ ਨਹੀਂ ਸੀ। ਵਿਗਿਆਨੀ ਇਸ ਬਿਮਾਰੀ ਦੇ ਇਲਾਜ ਲਈ ਟੀਕੇ ਦੀ ਖੋਜ ਕਰ ਰਹੇ ਹਨ, ਪਰ ਅਜੇ ਸਫਲਤਾ ਨਹੀਂ ਮਿਲੀ। ਮਾਹਰਾਂ ਦੀ ਇਹ ਰਾਏ ਹੈ ਕਿ ਕੋਰੋਨਾ ਵਾਇਰਸ ਵਰਗੀ ਚੀਜ਼ ਦਾ ਪਹਿਲਾਂ ਕਦੇ ਸਾਹਮਣਾ ਨਹੀਂ ਕੀਤਾ ਗਿਆ। ਇਹ ਫਲੂ ਵਾਇਰਸ ਨਹੀਂ ਤੇ ਮਹਾਮਾਰੀ ਦੇ ਰੂਪ ਵਿੱਚ ਪਛਾਣਨ ਦੇ ਯੋਗ ਵੀ ਨਹੀਂ ਹੈ।

ਸਵੀਡਨ ਦੇ ਇੱਕ ਨਿਊਜ਼ ਪੋਰਟਲ ਨੇ ਪਹਿਲਾਂ ਕਿਹਾ ਸੀ ਕਿ ਮਾਹਿਰਾਂ ਵਿੱਚ ਆਮ ਸਹਿਮਤੀ ਬਣਦੀ ਪਈ ਹੈ ਕਿ ਦੁਨੀਆ ਦੀ 20 ਤੋਂ 80 ਫ਼ੀਸਦੀ ਆਬਾਦੀ ਇਸ ਵਾਇਰਸ ਦੀ ਮਾਰ ਹੇਠ ਆ ਜਾਵੇਗੀ। ਇਸ ਨਾਲ ਇਕ ਸਾਲ ਵਿੱਚ ਹੀ ਲੱਖਾਂ ਲੋਕਾਂ ਦੇ ਮਰਨ ਦਾ ਡਰ ਹੈ। ਪਿਛਲੇ ਸਾਲ ਦੇ ਅੰਤ ਵਿੱਚ ਚੀਨ ਦੇ ਵੂਹਾਨ ਵਿੱਚ ਕਰੋਨਾ ਵਾਇਰਸ ਦੇ ਕਹਿਰ ਮਗਰੋਂ ਇਸ ਨੇ ਕੌਮਾਂਤਰੀ ਪੱਧਰ ਉੱਤੇ 89,000 ਤੋਂ ਵੱਧ ਲੋਕਾਂ ਨੂੰ ਲਪੇਟ ਵਿੱਚ ਲੈ ਲਿਆ ਹੈ, ਜਿਸ ਨਾਲ 3000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਚੀਨ ਵਿੱਚ ਕੇਂਦਰਿਤ ਬਹੁਤੇ ਕੇਸਾਂ ਦੇ ਨਾਲ ਇਹ ਵਾਇਰਸ ਦੱਖਣ ਕੋਰੀਆ, ਜਾਪਾਨ, ਇਟਲੀ ਅਤੇ ਈਰਾਨ ਤੋਂ ਬਾਅਦ 50 ਤੋਂ ਵੱਧ ਦੇਸ਼ਾਂ ਵਿੱਚ ਪਹੁੰਚ ਗਿਆ ਹੈ।

## ਅਬੋਹਰ ਦੀ ਸੰਗਤ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਹੱਕ ਵਿੱਚ ਨਿੱਤਰੀ

ਅਬੋਹਰ, 3 ਮਾਰਚ (ਪੋਸਟ ਬਿਊਰੋ)- ਗੁਰਦੁਆਰਾ ਪਰਮੇਸ਼ਵਰ ਦੁਆਰ ਸੇਵਕ ਜਥਾ ਅਬੋਹਰ ਅਤੇ ਗੁਰੂ ਤੇਗ ਬਹਾਦਰ ਸੇਵਾ ਸੋਸਾਈਟੀ ਅਬੋਹਰ ਦੇ ਮੈਂਬਰਾਂ ਦੀ ਕੱਲ੍ਹ ਸ਼ਾਮ ਨਹਿਰੂ ਪਾਰਕ 'ਚ ਹੋਈ ਬੈਠਕ ਦੌਰਾਨ ਹਾਜ਼ਰ ਸੰਗਤਾਂ ਨੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਸਮਰਥਨ ਕਰਦੇ ਹੋਏ ਉਨ੍ਹਾਂ ਨਾਲ ਖੜੋਣ ਦਾ ਅਹਿਦ ਲਿਆ।

ਇਸ ਬਾਰੇ ਸੰਸਥਾ ਦੇ ਮੁਖੀ ਐਡਵੋਕੇਟ ਤੇਜਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਰਣਜੀਤ ਸਿੰਘ ਢੱਡਰੀਆਂ ਵਾਲੇ ਪਿਛਲੇ ਕੁਝ ਸਾਲਾਂ ਤੋਂ ਨਿਰੋਲ ਗੁਰਮਤਿ ਪ੍ਰਚਾਰ ਕਰ ਰਹੇ ਹਨ, ਪਰ ਉਨ੍ਹਾਂ ਦੇ ਪ੍ਰਚਾਰ ਤੋਂ ਪੁਜਾਰੀਵਾਦ ਤੇ ਸੰਪਰਦਾਈਆਂ ਨੂੰ ਤਕਲੀਫ ਹੁੰਦੀ ਹੈ। ਧਰਮ ਦੀ ਆੜ ਹੇਠ ਧੰਦਾ ਕਰਨ ਵਾਲੇ ਪੁਜਾਰੀ ਇਸ ਕਾਰਨ ਢੱਡਰੀਆਂ ਵਾਲੇ ਦੇ ਦੀਵਾਨ ਰੋਕਣ 'ਤੇ ਉਤਾਰੂ ਹਨ, ਜਦ ਕਿ ਦੇਸ਼ ਦੇ ਸੰਵਿਧਾਨ ਮੁਤਾਬਕ ਹਰ ਕਿਸੇ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦਾ ਟਕਰਾਅ ਜਾਂ ਜਾਨੀ ਨੁਕਸਾਨ ਨਾ ਹੋਵੇ, ਇਸ ਲਈ ਰਣਜੀਤ ਸਿੰਘ ਢੱਡਰੀਆਂ ਵਾਲਾ ਨੇ ਆਪਣੇ ਅਗਲੇ ਛੇ ਮਹੀਨਿਆਂ ਦੇ ਦੀਵਾਨ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਮਲੋਟ, ਅਬੋਹਰ ਅਤੇ ਮੰਡੀ ਲਾਧੂਕਾ ਵਿਖੇ ਅਗਲੇ ਕੁਝ ਦਿਨਾਂ 'ਚ ਸਮਾਗਮ ਹੋਣੇ ਸਨ। ਇਸ ਬਾਰੇ ਸੰਗਤਾਂ 'ਚ ਭਾਰੀ ਗੁੱਸਾ ਹੈ।

ਤੇਜਿੰਦਰ ਸਿੰਘ ਨੇ ਕਿਹਾ ਕਿ ਇਲਾਕੇ ਦੀ ਸਮੁੱਚੀ ਸੰਗਤ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਫੈਸਲੇ ਨਾਲ ਖੜ੍ਹੀ ਹੈ ਅਤੇ ਮੰਗ ਕਰਦੀ ਹੈ ਕਿ ਹਰ ਇੱਕ ਨੂੰ ਆਪਣੀ ਗੱਲ ਕਰਨ ਦਾ ਅਧਿਕਾਰ ਦਿੱਤਾ ਜਾਵੇ।


"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Specializing In:
• Collision • Custom Painting
• Mechanical Service
• Frame & Unibody Repair
• Insurance Claims Welcome
Inderjit Singh - Lic. Auto Body Technician/Lic. Mec.
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
Satnam Singh - Lic. Auto Body Technician
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $749,000 — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Toronto $179,000 — barBURRITO — 6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

Caledon $749,900 — Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

Mississauga $199,900 — Techlogics — 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

Brampton $349,000 — Photo Not Available — 10635 Bramalea Rd J-4: Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

Brampton $249,000 — 373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

MISSISSAUGA $299,000 — Photo Not Available — 5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

Waterloo $399,000 — Photo Not Available — Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

Brampton $349,000 — Photo Not Available — 284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

Brampton $459,000 — 7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

Barrie $769,000 — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000 — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $499,000 — 15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

Brampton $549,000 — Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

Toronto $789,000 — Warden And Steeles:Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

Mississauga $715,000 — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਪੰਜਾਬੀ ਭਾਸ਼ਣ ਮੁਕਾਬਲਿਆਂ 'ਚ ਬੱਚਿਆਂ ਤੇ ਬਾਲਗ਼ਾਂ ਨੇ ਉਤਸ਼ਾਹ ਨਾਲ ਲਿਆ ਹਿੱਸਾ








ਬਰੈਂਪਟਨ, (ਡਾ. ਝੰਡ) -ਪਿਛਲੇ ਕਈ ਸਾਲਾਂ ਤੋਂ ਚੱਲ ਰਹੀ ਰਵਾਇਤ ਨੂੰ ਅੱਗੇ ਤੋਰਦਿਆਂ ਹੋਇਆਂ 'ਪੰਜਾਬੀ ਚੈਰਿਟੀ ਫ਼ਾਊਂਡੇਸ਼ਨ' ਵੱਲੋਂ ਪੰਜਾਬੀ ਭਾਸ਼ਨ ਮੁਕਾਬਲੇ ਮਾਲਟਨ ਦੇ ਲਿੰਕਨ ਐੱਮ. ਅਲੈਗਜ਼ੈਂਡਰ ਸਕੂਲ ਵਿਚ ਲੰਘੇ ਐਤਵਾਰ ਪਹਿਲੀ ਮਾਰਚ ਨੂੰ ਬਾਅਦ ਦੁਪਹਿਰ 2.00 ਵਜੇ ਤੋਂ ਸ਼ਾਮ 5.00 ਵਜੇ ਤੀਕ ਕਰਵਾਏ ਗਏ। ਹਰ ਸਾਲ ਵਾਂਗ ਇਸ ਵਾਰ ਵੀ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲਿਆਂ ਲਈ ਵੱਖ-ਵੱਖ ਉਮਰ-ਵਰਗਾਂ ਲਈ ਵੱਖੋ-ਵੱਖਰੇ ਵਿਸ਼ੇ ਰੱਖੇ ਗਏ ਸਨ। ਜਿੱਥੇ ਜੇ.ਕੇ/ਐੱਸ.ਕੇ. ਤੋਂ ਲੈ ਕੇ ਗਰੇਡ 7-8 ਤੱਕ ਵਿਸ਼ਾ 'ਮਨਪਸੰਦ ਖੇਡ ਅਤੇ ਖੇਡਾਂ ਦੀ ਜੀਵਨ ਵਿਚ ਮਹੱਤਤਾ' ਰੱਖਿਆ ਗਿਆ ਸੀ, ਉੱਥੇ ਗਰੇਡ 9-12 ਅਤੇ ਬਾਲਗਾਂ ਦੇ ਲਈ ਵਿਸ਼ਾ 'ਔਰਤ ਦਾ ਸਾਡੇ ਸਮਾਜ ਵਿਚ ਯੋਗਦਾਨ' ਸੀ। ਇਨ੍ਹਾਂ ਭਾਸ਼ਨ ਮੁਕਾਬਲਿਆਂ ਵਿਚ ਤਿੰਨ ਸਾਲ ਦੇ ਛੋਟੇ ਬੱਚਿਆਂ ਤੋਂ ਲੈ ਕੇ ਤੋਂ ਲੈ ਕੇ 50 ਸਾਲ ਦੇ 35 ਪ੍ਰਤੀਯੋਗੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਇਸ ਵਾਰ ਇਨ੍ਹਾਂ ਮੁਕਾਬਲਿਆਂ ਦੀ ਇਹ ਖ਼ਾਸੀਅਤ ਰਹੀ ਕਿ ਇਨ੍ਹਾਂ ਵਿਚ ਲਹਿੰਦੇ ਪੰਜਾਬ (ਪਾਕਿਸਤਾਨੀ ਪੰਜਾਬ) ਦੇ ਵੀ ਕਈ ਬੱਚਿਆਂ ਨੇ ਬੜਾ ਉਤਸ਼ਾਹ ਵਿਖਾਇਆ। ਸ਼ਾਹਮੁਖੀ ਲਿਪੀ ਵਿਚ ਲਿਖੇ ਅਤੇ ਚੰਗੀ ਤਰ੍ਹਾਂ ਤਿਆਰ ਕੀਤੇ ਹੋਏ ਆਪਣੇ ਭਾਸ਼ਨਾਂ ਨੂੰ ਉਨ੍ਹਾਂ ਨੇ ਠੇਠ-ਪੰਜਾਬੀ ਵਿਚ ਬਾਖ਼ੂਬੀ ਪੇਸ਼ ਕੀਤਾ ਅਤੇ ਹਾਜ਼ਰੀਨ ਦੀ ਖ਼ੂਬ ਵਾਹ-ਵਾਹ ਖੱਟੀ। ਪਾਕਿਸਤਾਨੀ ਮੂਲ ਦੀ ਵਿਦਿਆਰਥਣ ਨਿਸ਼ਾ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਇੱਕੀਵੀਂ ਸਦੀ ਵਿਚ ਵੀ ਅੱਜ ਔਰਤਾਂ ਦੀ ਜੋ ਦੁਰ-ਦਸ਼ਾ ਹੋ ਰਹੀ ਹੈ, ਉਸ ਵੱਲ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਇਨ੍ਹਾਂ ਮੁਕਾਬਲਿਆਂ ਦੇ ਪ੍ਰਬੰਧਕਾਂ ਡਾ. ਗੁਰਨਾਮ ਸਿੰਘ ਢਿੱਲੋਂ, ਬਲਿਹਾਰ ਸਿੰਘ ਨਵਾਂ ਸ਼ਹਿਰ ਤੇ ਗੁਰਜੀਤ ਸਿੰਘ ਨੇ ਪਾਕਿਸਤਾਨੀ ਬੱਚਿਆਂ ਦੀ ਸ਼ਮੂਲੀਅਤ ਬਾਰੇ ਆਪਣਾ ਪ੍ਰਤੀਕਰਮ ਦੱਸਦਿਆਂ ਹੋਇਆਂ ਇਸ ਨੂੰ ਪੰਜਾਬੀ ਜ਼ਬਾਨ ਲਈ 'ਸ਼ੁਭ-ਸ਼ਗਨ' ਕਰਾਰ ਦਿੱਤਾ। ਛੁੱਟੀ ਦਾ ਦਿਨ ਹੋਣ ਕਾਰਨ ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ਼ ਮੈਂਬਰ ਵੀ ਹਾਜ਼ਰ ਸਨ। ਪ੍ਰਿੰਸੀਪਲ ਲੋਇਸ ਅਗਾਰਡ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬੱਚਿਆਂ ਦੀ ਸ਼ਖ਼ਸੀਅਤ ਨੂੰ ਹੋਰ ਨਿਖਾਰਨ ਲਈ ਅਜਿਹੇ ਪ੍ਰੋਗਰਾਮ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ।

ਇਸ ਪ੍ਰੋਗਰਾਮ ਦੌਰਾਨ ਕਈ ਬੱਚਿਆਂ ਨੇ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਰੁਚਿਤ ਹੋਣ ਬਾਰੇ ਆਪਣੇ ਵਿਚਾਰ ਬਹੁਤ ਪੇਸ਼ ਕਰਦਿਆਂ ਕਿਹਾ ਕਿ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਨ੍ਹਾਂ ਮੁਕਾਬਲਿਆਂ ਵਿਚ ਗਰੇਡ-1 ਤੇ 2 ਦੇ ਬੱਚਿਆਂ ਵਿੱਚੋਂ ਪਹਿਲਾ ਇਨਾਮ ਗੋਬਿੰਦਪ੍ਰੀਤ ਸਿੰਘ, ਦੂਸਰਾ ਹਰਜਾਪ ਸਿੰਘ ਅਤੇ ਤੀਸਰਾ ਹਸਰਤ ਕੌਰ ਨੂੰ ਮਿਲਿਆ। ਏਸੇ ਤਰ੍ਹਾਂ ਗਰੇਡ 3-4 ਵਿੱਚੋਂ ਅਸਨੀਰ ਕੌਰ ਮਾਂਗਟ ਪਹਿਲੇ, ਗੁਰਨੀਤ ਕੌਰ ਦੂਸਰੇ ਅਤੇ ਅਰਮਾਨ ਸਿੰਘ ਤੀਸਰੇ ਸਥਾਨ 'ਤੇ ਰਹੇ, ਜਦ ਕਿ ਗਰੇਡ 5 ਤੇ 6 ਦੇ ਪ੍ਰਤੀਯੋਗੀਆਂ ਵਿੱਚੋਂ ਪ੍ਰਭਸਿਦਕ ਸਿੰਘ ਨੇ ਪਹਿਲੇ, ਦਸਵੀਰ ਸਿੰਘ ਮਾਂਗਟ ਦੇ ਦੂਸਰੇ ਤੇ ਰਮਨਦੀਪ ਕੌਰ ਨੇ ਤੀਸਰੇ ਸਥਾਨ ਦੇ ਇਨਾਮ ਜਿੱਤੇ। ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਨੂੰ ਸਰਟੀਫ਼ੀਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅਖ਼ੀਰ ਵਿਚ ਪ੍ਰਬੰਧਕਾਂ ਵੱਲੋਂ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

# ਸੰਜੂ ਗੁਪਤਾ ਨੇ 'ਬਰਲਿੰਗਟਨ ਚਿੱਲੀ ਹਾਫ਼-ਮੈਰਾਥਨ' 'ਚ ਲਿਆ ਹਿੱਸਾ



ਬਰਲਿੰਗਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਟੀ.ਪੀ.ਏ.ਆਰ. ਦੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਜੋ ਕਿ ਲੱਗਭੱਗ ਹਰੇਕ ਵੀਕ-ਐਂਡ 'ਤੇ ਟੋਰਾਂਟੋ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਵਿਚ ਹੋਣ ਵਾਲੇ ਰੱਨਿੰਗ-ਈਵੈਂਟਸ ਵਿਚ ਅਕਸਰ ਭਾਗ ਲੈਂਦਾ ਰਹਿੰਦਾ ਹੈ, ਨੇ ਲੰਘੇ ਐਤਵਾਰ 1 ਮਾਰਚ ਨੂੰ ਬਰਲਿੰਗਟਨ ਸ਼ਹਿਰ ਵਿਖੇ ਹੋਈ 'ਬਰਲਿੰਗਟਨ ਚਿੱਲੀ ਹਾਫ਼-ਮੈਰਾਥਨ ਐਂਡ ਫ਼ਰੌਸਟੀ 5-ਕੇ ਰੱਨ' ਵਿਚ ਸਫ਼ਲਤਾ-ਪੂਰਵਕ ਹਿੱਸਾ ਲਿਆ। ਇਹ ਉਸ ਦੀ ਇਸ ਸਾਲ 2020 ਦੀ ਬਾਰ੍ਹਵੀਂ ਦੌੜ ਸੀ। ਉਸ ਨੇ ਇਹ 21.1 ਕਿਲੋਮੀਟਰ ਲੰਮੀ ਦੌੜ 2 ਘੰਟੇ 32 ਮਿੰਟ 9 ਸਕਿੰਟ ਵਿਚ ਸੰਪੰਨ ਕੀਤੀ। ਇਹ ਉਸ ਦੇ ਪਿਛਲੇ ਸਾਲ ਲਗਾਈ ਇਸ ਦੌੜ ਦੇ ਸਮੇਂ ਨਾਲੋਂ 6 ਮਿੰਟ ਘੱਟ ਸੀ ਅਤੇ ਮਹਿਜ਼ ਦੋ ਹਫ਼ਤੇ ਪਹਿਲਾਂ ਲਗਾਈ ਗਈ 'ਚਾਈਨੀਜ਼ ਹਾਫ਼ ਮੈਰਾਥਨ' ਨਾਲੋਂ 4 ਮਿੰਟ ਘੱਟ ਸੀਂ। ਇਸ ਤਰ੍ਹਾਂ ਉਸ ਨੇ ਇਸ ਈਵੈਂਟ ਵਿਚ ਆਪਣੇ ਪਹਿਲੇ ਰਿਕਾਰਡ ਵਿਚ ਕਾਫ਼ੀ ਸੁਧਾਰ ਕੀਤਾ ਹੈ। ਇਸ ਚਿੱਲੀ ਮੈਰਾਥਨ ਵਿਚ 2875 ਦੌੜਾਕਾਂ ਨੇ ਭਾਗ ਲਿਆ ਜਿਨ੍ਹਾਂ ਵਿਚ 1419 ਮਰਦ ਅਤੇ 1456 ਔਰਤਾਂ ਸਨ। ਇੱਥੇ ਇਹ ਜ਼ਿਕਰਯੋਗ ਹੈ ਕਿ ਬਰਲਿੰਗਟਨ ਵਿਚ ਲੇਡੀ ਕੈਲੀ ਆਰਨੌਟ ਵੱਲੋਂ ਆਯੋਜਿਤ ਕੀਤਾ ਗਿਆ ਇਹ 24'ਵਾਂ ਈਵੈਂਟ ਸੀ ਅਤੇ ਉਸ ਦੇ ਵੱਲੋਂ ਅਗਲੇ ਸਾਲ ਇੱਥੇ ਬਰਲਿੰਗਟਨ ਵਿਚ ਇਸ ਈਵੈਂਟ ਦੀ ਸਿਲਵਰ ਜੁਬਲੀ ਬੜੀ ਧੂਮ-ਧਾਮ ਨਾਲ ਕਰਵਾਈ ਜਾ ਰਹੀ ਹੈ ਜਿਸ ਵਿਚ ਸ਼ਾਮਲ ਹੋਣ ਵਾਲੇ ਦੌੜਾਕਾਂ ਦੀ ਗਿਣਤੀ ਇਸ ਤੋਂ ਹੋਰ ਵੀ ਵਧੇਰੇ ਹੋਣ ਦੀ ਆਸ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132'' 88'' 8 Seated Sofa
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting - Book - Keeping
- H.S.T - WSIB - T4 - E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Experienced, Established & Committed
Alliance Legal Services
Professional Corporation
Legal Counsel:
Jack Fireman, Q.C.
ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
Gursharan (Bobby) Sidhu
President
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਮੈਰੀਉਆਨਾ ਤੋਂ ਬਾਅਦ ਡਰੱਗਜ਼ ਬਾਰੇ ਬਿੱਲ ਦੇ ਪਾਸ ਹੋਣ ਦੀ ਸੰਭਾਵਨਾ?

ਬੀਚਸ-ਈਸਟ ਯੌਰਕ (Beaches—East York) ਰਾਈਡਿੰਗ ਤੋਂ ਲਿਬਰਲ ਐਮ ਪੀ ਨੇਥੀਨੀਅਲ ਐਰਸਕਿਨ-ਸਮਿਥ ਨੇ ਬੀਤੇ ਦਿਨੀਂ ਪਾਰਲੀਮੈਂਟ ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਸੀ-236 ਪੇਸ਼ ਕੀਤਾ ਜਿਸਦਾ ਮਨੋਰਥ ਉਹਨਾਂ ਡਰੱਗਾਂ ਨੂੰ ਕੈਨੇਡਾ ਦੇ ਕ੍ਰਿਮੀਨਲ ਕੋਡ ਵਿੱਚ ਦਰਜ਼ ਅਪਰਾਧਕ ਗਤੀਵਿਧੀਆਂ ਤੋਂ ਬਾਹਰ ਕੱਢਣਾ ਹੈ ਜਿਹਨਾਂ ਦਾ ਲੋਕੀ ਨਸ਼ੇ ਦੀ ਆਦਤ ਕਾਰਣ ਸੇਵਨ ਕਰਦੇ ਹਨ। ਜੇ ਬਿੱਲ ਪਾਸ ਹੋ ਜਾਂਦਾ ਹੈ ਤਾਂ ਹੈਰੋਇਨ ਜਾਂ ਹੋਰ ਡਰੱਗਾਂ ਨੂੰ ਨਿੱਜੀ ਵਰਤੋਂ ਲਈ ਰੱਖਣਾ ਅਪਰਾਧਕ ਗਤੀਵਿਧੀ ਨਾ ਰਹਿ ਕੇ ਮਹਿਜ਼ ਪ੍ਰਸ਼ਾਸ਼ਨਕ ਮਸਲਾ ਰਹਿ ਜਾਵੇਗਾ ਜਿਵੇਂ ਕਿ ਟਰੈਫਿਕ ਨੇਮ ਦੀ ਉਲੰਘਣਾ ਕਰਨ ਨਾਲ ਟਿਕਟ ਦਾ ਮਿਲਣਾ ਹੁੰਦਾ ਹੈ। ਕੀ ਇਸ ਬਿੱਲ ਨੂੰ ਲਿਬਰਲ ਪਾਰਟੀ ਦਾ ਸਮਰੱਥਨ ਮਿਲੇਗਾ ਜਾਂ ਫੇਰ ਇਸਨੂੰ ਇੱਕਲੇ ਕਾਰੇ ਮੈਂਬਰ ਪਾਰਲੀਮੈਂਟ ਦੀ ਸੋਚ ਦਾ ਫਿਤਨਾ ਸਮਝ ਕੇ ਅੱਖੋਂ ਪਰੋਖੇ ਕਰ ਦਿੱਤਾ ਜਾਵੇਗਾ। ਇਸ ਬਿੱਲ ਦਾ ਹਸ਼ਰ ਜੋ ਮਰਜ਼ੀ ਹੋਵੇ ਇਸ ਬਾਰੇ ਚਰਚਾ ਕਰਨਾ ਦਿਲਚਸਪ ਹੈ।

ਵਰਨਣਯੋਗ ਹੈ ਕਿ ਨੇਥਨੀਅਲ ਨੇ ਡਰੱਗਾਂ ਨੂੰ ਗੈਰ-ਅਪਰਾਧਕ ਬਣਾਉਣ ਬਾਰੇ ਪ੍ਰਾਈਵੇਟ ਮੈਂਬਰ ਬਿੱਲ ਸੀ-460 ਪਾਰਲੀਮੈਂਟ ਵਿੱਚ 2019 ਵਿੱਚ ਵੀ ਪੇਸ਼ ਕੀਤਾ ਸੀ। ਉਸ ਵੇਲੇ ਇਸ ਬਿੱਲ ਦੀ ਸਮੇਂ ਤੋਂ ਪਹਿਲਾਂ ਹੀ ਮੌਤ ਹੋ ਗਈ ਸੀ ਜਿਸਨੂੰ ਪਾਰਲੀਮਾਨੀ ਭਾਸ਼ਾ ਵਿੱਚ ਬਿੱਲ ਦਾ Died on the orders of Papers ਹੋਣਾ ਆਖਿਆ ਜਾਂਦਾ ਹੈ। ਇਸਦਾ ਸਾਧਾਰਨ ਅਰਥ ਹੈ ਕਿ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਉਹਨਾਂ ਸਾਰੇ ਬਿੱਲ ਖਾਰਜ ਹੋ ਜਾਂਦੇ ਹਨ ਜਿਹਨਾਂ ਨੂੰ ਰੋਆਇਲ ਪਰਵਾਨਗੀ (Royal Assent) ਨਹੀਂ ਮਿਲੀ ਹੁੰਦੀ। ਮੁਮਕਿਨ ਹੈ ਕਿ ਉਸ ਵੇਲੇ ਬਿੱਲ ਦੇ ਆਪਣੀ ਮੌਤੇ ਆਪ ਮਰ ਜਾਣ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੁਖ ਦਾ ਸਾਹ ਲਿਆ ਹੋਵੇ ਕਿਉਂਕਿ ਉਹ ਜਤਨਕ ਰੂਪ ਵਿੱਚ ਮੈਰੀਉਆਨਾ ਤੋਂ ਬਾਅਦ ਕਿਸੇ ਵੀ ਕਿਸਮ ਦੇ ਡਰੱਗ ਨੂੰ ਗੈਰ-ਅਪਰਾਧਕ ਬਣਾਉਣ ਦੇ ਹੱਕ ਵਿੱਚ ਨਹੀਂ ਰਹੇ ਹਨ। ਉਹਨਾਂ ਦਾ ਇਹ ਸਟੈਂਡ ਇਸ ਤੱਥ ਦੇ ਬਾਵਜੂਦ ਰਿਹਾ ਹੈ ਕਿ ਵੱਡੀ ਗਿਣਤੀ ਵਿੱਚ ਲਿਬਰਲ ਮੈਂਬਰ ਪਾਰਲੀਮੈਂਟ ਡਰੱਗਾਂ ਨੂੰ ਗੈਰ-ਅਪਰਾਧਕ ਬਣਾਉਣ ਦੇ ਹੱਕ ਵਿੱਚ ਹਨ। ਮਿਸਾਲ ਵਜੋਂ 2018 ਵਿੱਚ ਲਿਬਰਲ ਪਾਰਟੀ ਦੀ ਨੈਸ਼ਨਲ ਕਾਕਸ ਨੇ ਸਾਲਾਨਾ ਕਨਵੈਨਸ਼ਨ ਦੌਰਾਨ ਇੱਕ ਮਤਾ ਪਾਸ ਕੀਤਾ ਸੀ ਕਿ ਲਿਬਰਲ ਸਰਕਾਰ ਡਰੱਗਾਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਥੋੜੀ ਮਾਤਰਾ ਵਿੱਚ ਡਰੱਗ ਰੱਖਣ ਨੂੰ ਅਪਰਾਧ ਕਰਨਾ ਸਪਾਪਤ ਕਰ ਦੇਵੇਗੀ। ਪ੍ਰਧਾਨ ਮੰਤਰੀ ਟਰੂਡੋ ਸਦਾ ਹੀ ਆਪਣੀ ਪਾਰਟੀ ਦੇ ਇਸ ਮਤੇ ਦੇ ਇਹ ਆਖਦੇ ਹੋਏ ਵਿਰੁੱਧ ਰਹੇ ਹਨ ਕਿ ਅਜਿਹਾ ਕਰਨ ਦਾ ਹਾਲੇ ਸਹੀ ਸਮਾਂ ਨਹੀਂ ਹੈ। ਕੀ ਹੁਣ ਉਹ ਸਹੀ ਸਮਾਂ ਆ ਗਿਆ ਹੈ?

ਪ੍ਰਧਾਨ ਮੰਤਰੀ ਵੱਲੋਂ ਡਰੱਗਾਂ ਨੂੰ ਅਪਰਾਧਕ ਲਿਸਟ ਵਿੱਚੋਂ ਨਾ ਕੱਢੇ ਜਾਣ ਬਾਰੇ ਸਟੈਂਡ ਸਦਕਾ ਹੀ ਕੈਨੇਡਾ ਨੇ ਯੂਨਾਈਟਡ ਨੇਸ਼ਨ ਅਸੈਂਬਲੀ ਵਿੱਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਨਸ਼ਿਆਂ ਨੂੰ ਅਪਰਾਧਕ ਬਣਾਈ ਰੱਖਣ ਦੇ ਮਤੇ ਦੀ ਹਮਾਇਤ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਸਟੈਂਡ ਦੀ ਕੁੱਝ ਲਿਬਰਲ ਖੇਮਿਆਂ ਸਮੇਤ ਕਈ ਹੋਰ ਪਾਸਿਓਂ ਖਾਸ ਕਰਕੇ ਐਨ ਡੀ ਪੀ ਅਤੇ ਗਰੀਨ ਪਾਰਟੀ ਵੱਲੋਂ ਨਿਖੇਧੀ ਕੀਤੀ ਗਈ ਸੀ। ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਆਪਣੀ ਲੀਡਰਸ਼ਿੱਪ ਚੋਣ ਦੇ ਦਿਨਾਂ ਤੋਂ ਹੀ ਡਰੱਗਾਂ ਨੂੰ ਗੈਰ-ਅਪਰਾਧਕ ਬਣਾਉਣ ਦੇ ਹੱਕ ਵਿੱਚ ਸਟੈਂਡ ਲਿਆ ਹੋਇਆ ਹੈ ਅਤੇ ਇਹ ਗੱਲ ਐਨ ਡੀ ਪੀ ਦੇ 2019 ਦੀਆਂ ਚੋਣਾਂ ਦੌਰਾਨ ਪਲੇਟਫਾਰਮ ਵਿੱਚ ਵੀ ਸ਼ਾਮਲ ਸੀ। ਗਰੀਨ ਪਾਰਟੀ ਤਾਂ ਖੈਰ ਕਾਫੀ ਦੇਰ ਤੋਂ ਹੀ ਨਸ਼ਿਆਂ ਉੱਤੋਂ ਕ੍ਰਿਮੀਨਲ ਟੈਗ ਹਟਾਉਣ ਨੂੰ ਆਪਣੀ ਹਰੀ ਝੰਡੀ ਦੇ ਚੁੱਕੀ ਹੈ। ਇਹਨਾਂ ਸਾਰਿਆਂ ਦਾ ਮੰਨਣਾ ਹੈ ਕਿ ਨਸ਼ਿਆਂ ਕਾਰਣ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਘੱਟ ਕੀਤੀਆਂ ਜਾ ਸਕਦੀਆਂ ਹਨ ਜੇ ਨਸ਼ਿਆਂ ਨੂੰ ਲੈ ਕੇ ਚੱਲਣਾ ਸੁਖਾਲਾ ਕਰ ਦਿੱਤਾ ਜਾਵੇ। ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਮੁਤਾਬਕ 2016 ਵਿੱਚ 14,000 ਕੈਨੇਡੀਅਨ ਓਪੀਓਆਇਡਜ਼ (opioids) ਕਾਰਣ ਮਰੇ ਸਨ।

ਵੇਖਣਾ ਹੋਵੇਗਾ ਕਿ ਕੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਬਿੱਲ ਨੂੰ ਲੈ ਕੇ ਆਪਣੇ ਪਹਿਲੇ ਸਟੈਂਡ ਵਿੱਚ ਕੋਈ ਤਬਦੀਲੀ ਕਰਨਗੇ ਜਾਂ ਫੇਰ ਆਪਣਾ ਵਿਰੋਧ ਜਾਰੀ ਰੱਖ ਕੇ ਲਿਬਰਲ ਐਮ ਪੀਆਂ ਨੂੰ ਇਸਦੇ ਵਿਰੋਧ ਵਿੱਚ ਵੋਟ ਪਾਉਣ ਲਈ ਮਜ਼ਬੂਰ ਕਰਨਗੇ। ਇਹ ਵੇਖਣਾ ਵੀ ਦਿਲਚਸਪ ਹੋਵੇਗਾ ਕਿ ਇਸ ਬਿੱਲ ਨੂੰ ਲੈ ਕੇ ਐਨ ਡੀ ਪੀ ਅਤੇ ਗਰੀਨ ਪਾਰਟੀ ਵੱਲੋਂ ਸਰਕਾਰ ਉੱਤੇ ਕਿਹੋ ਜਿਹਾ ਦਬਾਅ ਪਾਇਆ ਜਾਵੇਗਾ।

## ਇਨਕਮ ਟੈਕਸ ਦੇ ਛਾਪਿਆਂ ਨਾਲ ਛੱਤੀਸਗੜ੍ਹ ਦੀ ਸਿਆਸਤ ਵਿੱਚ ਤਰਥੱਲੀ ਮੱਚੀ

ਰਾਏਪੁਰ, 3 ਮਾਰਚ, (ਪੋਸਟ ਬਿਊਰੋ)- ਛੱਤੀਸਗੜ੍ਹ ਰਾਜ ਦੀ ਰਾਜਨੀਤੀ ਵਿੱਚ ਤਰਥੱਲੀ ਮਚਾ ਰਹੀ ਇਨਕਮ ਟੈਕਸ ਦੀ ਛਾਪੇਮਾਰੀ ਦਾ ਸੇਕ ਅੱਜ ਮੁੱਖ ਮੰਤਰੀ ਦੇ ਘਰ ਤਕ ਵੀ ਪੁੱਜ ਗਿਆ ਜਾਪਦਾ ਹੈ।

ਅਸਲ ਵਿੱਚ ਸੋਮਵਾਰ ਦੇਰ ਰਾਤ ਇਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆ ਹੈ, ਜਿਸ ਵਿੱਚ ਮੁੱਖ ਮੰਤਰੀ ਦੀ ਡਿਪਟੀ ਸਕੱਤਰ ਸੌਮਿਆ ਚੌਰਸਿਆ ਦੇ ਡਰਾਈਵਰ ਤੋਂ ਇਨਕਮ ਟੈਕਸ ਅਫਸਰਾਂ ਦੀ ਟੀਮ ਪੁੱਛਗਿੱਛ ਕਰ ਰਹੀ ਹੈ ਅਤੇ ਡਰਾਈਵਰ ਕਹਿ ਰਿਹਾ ਹੈ ਕਿ ਸੌਮਿਆ ਦੇ ਘਰ ਛਾਪੇ ਤੋਂ ਪਹਿਲਾਂ ਸ਼ੁੱਕਰਵਾਰ ਪੰਜ ਬੈਗ ਫਾਈਲਾਂ ਭਰ ਕੇ ਮੁੱਖ ਮੰਤਰੀ ਹਾਊਸ ਵਿੱਚ ਗਈਆਂ ਸਨ। ਇਸ ਵੀਡੀਓ ਨਾਲ ਸ਼ਾਸਨ ਵਿੱਚ ਤਰਥੱਲੀ ਮੱਚ ਗਈ ਅਤੇ ਨਾਲ ਵਿਰੋਧੀ ਧਿਰ ਘੇਰਾਬੰਦੀ ਕਰਨ ਨੂੰ ਤਿਆਰ ਹੈ। ਵੀਡੀਓ ਜਨਤਕ ਹੋਣ ਜਾਣ ਪਿੱਛੋਂ ਇਨਕਮ ਟੈਕਸ ਅਫਸਰਾਂ ਨੇ ਡਰਾਈਵਰ ਤੋਂ ਕਈ ਘੰਟੇ ਪੁੱਛਗਿੱਛ ਕੀਤੀ ਹੈ। ਇਸ ਦੌਰਾਨ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਜ਼ (ਸੀ ਬੀ ਡੀ ਟੀ) ਨੇ ਇਨ੍ਹਾਂ ਛਾਪਿਆਂ ਨਾਲ ਅੱਜ ਤੱਕ ਮਿਲ ਚੁੱਕੀ 150 ਕਰੋੜ ਰੁਪਏ ਤੋਂ ਵੱਧ ਦੀ ਅਣਐਲਾਨੀ ਜਾਇਦਾਦ ਦਾ ਦਾਅਵਾ ਕੀਤਾ ਹੈ।

ਵਰਨਣ ਯੋਗ ਹੈ ਕਿ ਛੱਤੀਸਗੜ੍ਹ ਵਿੱਚ ਇਨਕਮ ਟੈਕਸ ਟੀਮਾਂ ਨੇ 28 ਫਰਵਰੀ ਨੂੰ ਛਾਪੇ ਮਾਰਨੇ ਸ਼ੁਰੂ ਕੀਤੇ ਸਨ। ਇਸ ਵਿੱਚ ਸਾਬਕਾ ਚੀਫ ਸੈਕਟਰੀ ਤੇ ਛੱਤੀਸਗੜ੍ਹ ਦੇ ਜ਼ਮੀਨ ਵਿਭਾਗ ਦੇ ਚੇਅਰਮੈਨ ਵਿਵੇਕ ਢਾਂਡ, ਪ੍ਰਿੰਸੀਪਲ ਸੈਕਟਰੀ ਅਨਿਲ ਟੁਟੇਜਾ, ਉਨ੍ਹਾਂ ਦੀ ਪਤਨੀ ਮੀਨਾਕਸ਼ੀ ਟੁਟੇਜਾ, ਐਕਸਾਈਜ਼ ਵਿਭਾਗ ਦੇ ਓ ਐੱਸ ਡੀ, ਏ ਪੀ ਤ੍ਰਿਪਾਠੀ, ਸੌਮਿਆ ਚੌਰਸੀਆ, ਰਾਏਪੁਰ ਦੇ ਮੇਅਰ ਏਜਾਜ ਢੇਬਰ, ਇੱਕ ਕਾਰੋਬਾਰੀ ਗੁਰਚਰਨ ਹੋਰਾ, ਐਕਸਾਈਜ਼ ਠੇਕੇਦਾਰ ਸੰਜੇ ਦੀਵਾਨ, ਸ਼ਰਾਬ ਠੇਕਿਆਂ ਨੂੰ ਮੈਨਪਾਵਰ ਸਪਲਾਈ ਕਰਨ ਵਾਲੇ ਸਿਧਾਰਥ ਸਿੰਘਾਨੀਆ ਤੇ ਵਿਕਾਸ ਅਗਰਵਾਲ ਦੇ ਅੱਡਿਆਂ ਉੱਤੇ ਛਾਪੇ ਨਾਲ ਸਿਆਸਤ ਭੜਕ ਗਈ ਹੈ। ਸੌਮਿਆ ਚੌਰਸੀਆ ਦੇ ਘਰ ਜਦੋਂ ਜਾਂਚ ਟੀਮ ਪੁੱਜੀ ਤਾਂ ਉਨ੍ਹਾਂ ਦੇ ਨਾ ਮਿਲਣ ਉੱਤੇ ਟੀਮ ਕਈ ਘੰਟੇ ਓਥੇ ਰਹੀ ਤੇ ਫਿਰ ਉਨ੍ਹਾਂ ਦੀ ਰਿਹਾਇਸ਼ ਸੀਲ ਕਰ ਦਿੱਤੀ। ਅਗਲੇ ਦਿਨ ਸੌਮਿਆ ਆਈ ਅਤੇ ਟੀਮ ਨੂੰ ਘਰ ਸੱਦ ਕੇ ਜਾਂਚ ਕਰਾਈ। ਇਸ ਦੌਰਾਨ ਸਰਕਾਰੀ ਗੱਡੀ ਚਲਾਉਣ ਵਾਲੇ ਉਨ੍ਹਾਂ ਦੇ ਡਰਾਈਵਰ ਪੰਨਾ ਲਾਲ ਤੋਂ ਇਨਕਮ ਟੈਕਸ ਅਫਸਰਾਂ ਨੇ ਪੁੱਛਗਿੱਛ ਕੀਤੀ। ਵਾਇਰਲ ਵੀਡੀਓ ਇਸੇ ਪੁੱਛਗਿੱਛ ਦੇ ਨਾਲ ਸੰਬੰਧਤ ਦੱਸੀ ਗਈ ਹੈ।

ਜਾਣਕਾਰ ਸੂਤਰਾਂ ਅਨੁਸਾਰ ਅੱਜ ਮੰਗਲਵਾਰ ਸੌਮਿਆ ਚੌਰਸੀਆ ਦੇ ਘਰ ਤੋਂ ਕੁਝ ਗਹਿਣੇ ਮਿਲੇ ਤਾਂ ਜਾਂਚ ਕਰਨ ਲਈ ਮਾਹਰਾਂ ਨੂੰ ਸੱਦਿਆ ਗਿਆ ਹੈ। ਅਧਿਕਾਰੀਆਂ ਨੇ ਡਰਾਈਵਰ ਪੰਨਾ ਲਾਲ ਨੂੰ ਨਾਲ ਲੈ ਕੇ ਸੌਮਿਆ ਚੌਰਸੀਆ ਵਾਲੀ ਕੋਠੀ ਤੋਂ ਮੁੱਖ ਮੰਤਰੀ ਹਾਊਸ ਤਕ ਦਾ ਉਹ ਰਸਤਾ ਵੀ ਦੇਖਿਆ, ਜਿੱਧਰ ਦੀ ਪੰਜ ਬੈਗ ਭਰ ਕੇ ਫਾਈਲਾਂ ਲੈ ਕੇ ਜਾਣ ਦੀ ਗੱਲ ਕਹੀ ਜਾ ਰਹੀ ਹੈ। ਇਨਕਮ ਟੈਕਸ ਵਿਭਾਗ ਕੋਲ ਇਕ ਸ਼ਿਕਾਇਤ ਤੇ ਕੁਝ ਦਸਤਾਵੇਜ਼ ਹਨ, ਜਿਨ੍ਹਾਂ ਵਿਚ ਸੌਮਿਆ ਦੀ ਮਾਂ ਸ਼ਾਂਤੀ ਦੇਵੀ ਚੌਰਸੀਆ ਅਤੇ ਸੱਸ ਆਸ਼ਾ ਮਨੀ ਮੋਦੀ ਦੇ ਨਾਂ ਕੁਲ 28 ਪਲਾਟਾਂ ਦਾ ਜ਼ਿਕਰ ਹੈ। ਟੀਮ ਉਸ ਜ਼ਮੀਨ ਨਾਲ ਜੁੜੇ ਦਸਤਾਵੇਜ਼ਾਂ ਦੀ ਪੜਤਾਲ ਵੀ ਕਰ ਰਹੀ ਹੈ। ਇਸ ਦੇ ਨਾਲ ਸੌਮਿਆ ਦੇ ਬੰਗਲੇ ਅਤੇ ਮਾਂ ਦਾ ਫਲੈਟ ਖ਼ਰੀਦਣ ਦੇ ਲਈ ਵਰਤੀ ਗਈ ਰਕਮ ਬਾਰੇ ਵੀ ਜਵਾਬ ਮੰਗਿਆ ਗਿਆ ਹੈ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫੀਮੇਲ ਇੰਸਟ੍ਰਕਟਰ
647-998-7500 ਬਲਵਿੰਦਰ

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਕਲਾਸਾਂ ਦੇ ਆਕਾਰ, ਈ-ਲਰਨਿੰਗ ਦੇ ਮੁੱਦੇ ਉੱਤੇ ਪਿੱਛੇ ਹਟਣ ਲਈ ਤਿਆਰ ਫੋਰਡ ਸਰਕਾਰ!


...ਪੰਨਾ 1 ਦਾ ਬਾਕੀ

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲਿਚੇ ਨੇ ਆਖਿਆ ਕਿ ਅਸੀਂ ਕਈ ਦਿਨਾਂ ਤੋਂ ਚੱਲ ਰਹੀ ਇਸ ਖੜੋਤ ਨੂੰ ਖਤਮ ਕਰਨਾ ਚਾਹੁੰਦੇ ਹਾਂ। ਹੁਣ ਫੈਸਲਾ ਅਧਿਆਪਕਾਂ ਨੇ ਲੈਣਾ ਹੈ। ਅਸੀਂ ਵਿਦਿਆਰਥੀਆਂ ਦੇ ਹਿਤਾਂ ਨੂੰ ਵੇਖਦਿਆਂ ਹੋਇਆ ਕਾਫੀ ਅਹਿਮ ਕਦਮ ਚੁੱਕ ਰਹੇ ਹਾਂ।

ਪਰ ਇਸ ਨਵੀਂ ਪੇਸ਼ਕਸ਼ ਦੇ ਨਾਲ ਸਰਕਾਰ ਭੱਤਿਆਂ ਵਿੱਚ ਸਾਲ ਵਿੱਚ ਇਕ ਫੀ ਸਦੀ ਵਾਧਾ ਕਰਨ ਦੇ ਆਪਣੇ ਪਹਿਲੇ ਪ੍ਰਸਤਾਵ ਤੋਂ ਟੱਸ ਤੋਂ ਮੱਸ ਨਹੀਂ ਹੋਈ। ਲਿਚੇ ਨੇ ਆਖਿਆ ਕਿ ਸਰਕਾਰ ਨਵਾਂ ਆਨਲਾਈਨ ਲਰਨਿੰਗ ਸਿਸਟਮ ਵਿਕਸਤ ਕਰਨਾ ਜਾਰੀ ਰੱਖੇਗੀ ਪਰ ਗ੍ਰੈਜੂਏਸ਼ਨ ਲਈ ਇਹ ਲਾਜ਼ਮੀ ਨਹੀਂ ਹੋਵੇਗਾ। ਇਸ ਦੌਰਾਨ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਹਾਰਵੇ ਬਿਸ਼ੌਫ ਨੇ ਲਿਚੇ ਦੀ ਇਸ ਪ੍ਰੈੱਸ ਕਾਨਫਰੰਸ ਨੂੰ ਬੇਕਾਰ ਦਾ ਸਟੰਟ ਦੱਸਿਆ। ਉਨ੍ਹਾਂ ਆਖਿਆ ਕਿ ਇਸ ਨਾਲ ਮੰਗਲਵਾਰ ਨੂੰ ਸਰਕਾਰ ਨਾਲ ਉਨ੍ਹਾਂ ਦੀ ਯੂਨੀਅਨ ਵੱਲੋਂ ਕੀਤੀ ਜਾਣ ਵਾਲੀ ਗੱਲਬਾਤ ਵਿੱਚ ਹੀ ਵਿਘਨ ਪਿਆ ਹੈ।

ਮੰਗਲਵਾਰ ਨੂੰ ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ ਨੇ ਆਖਿਆ ਕਿ ਉਹ ਭੱਤਿਆਂ ਵਿੱਚ ਇਕ ਫੀ ਸਦੀ ਵਾਧੇ ਨੂੰ ਮੰਨਣ ਲਈ ਤਿਆਰ ਹੈ ਜੇ ਪ੍ਰੋਵਿੰਸ ਕਲਾਸਾਂ ਦੇ ਆਕਾਰ ਵਿੱਚ ਵਾਧਾ ਕਰਨ ਤੇ ਲਾਜ਼ਮੀ ਈ-ਲਰਨਿੰਗ ਵਾਲਾ ਮੁੱਦਾ ਵਾਪਿਸ ਲੈ ਲੈਂਦੀ ਹੈ। ਹਾਲਾਂਕਿ ਐਸੋਸਿਏਸ਼ਨ ਨੇ ਇਹ ਵੀ ਸਪਸ਼ਟ ਕੀਤਾ ਕਿ ਸਰਕਾਰ ਵੱਲੋਂ ਭੱਤਿਆਂ ਉੱਤੇ ਲਾਈ ਗਈ ਅਜਿਹੀ ਰੋਕ ਲਈ ਉਹ ਅਦਾਲਤ ਵਿੱਚ ਮਾਮਲਾ ਜਾਰੀ ਰੱਖੇਗੀ।

## ਟੋਰੀ ਆਗੂ ਬਣਨ ਤੋਂ ਬਾਅਦ ਸਰਕਾਰ ਡੇਗਣ ਦੀ ਕੋਸ਼ਿਸ਼ ਕਰ ਸਕਦੇ ਹਨ ਮੈਕੇਅ, ਓਟੂਲੇ ਤੇ ਗਲੇਡਿਊ




ਓਟਵਾ, 3 ਮਾਰਚ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੇ ਮੁੱਖ ਦਾਅਵੇਦਾਰਾਂ ਪੀਟਰ ਮੈਕੇਅ, ਮੈਰੀਲਿਨ ਗਲੇਡਿਊ ਤੇ ਐਰਿਨ ਓਟੂਲੇ ਚੁਣੇ ਜਾਣ ਤੋਂ ਬਾਅਦ ਵਿਰੋਧੀ ਧਿਰ ਦੀ ਮਦਦ ਨਾਲ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕਰਨਗੇ। ਪਾਰਟੀ ਲੀਡਰਸ਼ਿਪ ਜਿੱਤਣ ਤੋਂ ਬਾਅਦ ਉਹ ਚੋਣਾਂ ਕਰਵਾਉਣ ਨੂੰ ਤਰਜੀਹ ਦੇਣਗੇ।

ਸੋਮਵਾਰ ਨੂੰ ਮੈਕੇਅ ਦੇ ਟਵਿੱਟਰ ਅਕਾਊਂਟ ਤੋਂ ਭੇਜੇ ਗਏ ਟਵੀਟ ਵਿੱਚ ਉਨ੍ਹਾਂ ਦੀ ਤਸਵੀਰ ਨਜ਼ਰ ਆ ਰਹੀ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੀ ਪੈਂਟ ਦੀਆਂ ਜੇਬ੍ਹਾਂ ਵਿੱਚ ਹੱਥ ਪਾਏ ਹੋਏ ਹਨ ਤੇ ਪਿੱਛੇ ਕਾਲੇ ਰੰਗ ਦੀ ਬੈਕਗ੍ਰਾਊਂਡ ਹੈ ਜਿਸ ਉੱਤੇ ਲਿਖਿਆ ਹੈ ਸਾਨੂੰ ਅਕਤੂਬਰ ਵਿੱਚ ਚੋਣਾਂ ਕਰਵਾਉਣੀਆਂ ਹੋਣਗੀਆਂ। ਉਨ੍ਹਾਂ ਟਵੀਟ ਕਰਕੇ ਆਖਿਆ ਕਿ ਕੈਨੇਡੀਅਨ ਇਸ ਸਰਕਾਰ ਵਿੱਚ ਭਰੋਸਾ ਗੁਆ ਬੈਠੇ ਹਨ। ਇਹੀ ਸੁਨੇਹਾ ਉਨ੍ਹਾਂ ਦੀ ਵੈਬਸਾਈਟ ਉੱਤੇ ਵੀ ਵੇਖਿਆ ਜਾ ਸਕਦਾ ਹੈ ਜਿੱਥੇ ਉਨ੍ਹਾਂ ਦੇ ਸਮਰਥਕ ਸਿੱਧੇ ਤੌਰ ਉੱਤੇ ਉਨ੍ਹਾਂ ਦੀ ਕੈਂਪੇਨ ਲਈ ਡੋਨੇਟ ਕਰ ਸਕਦੇ ਹਨ ਜਾਂ ਫਿਰ ਕੰਜ਼ਰਵੇਟਿਵ ਪਾਰਟੀ ਦੀ ਮੈਂਬਰਸ਼ਿਪ ਖਰੀਦ ਸਕਦੇ ਹਨ। ਇਸੇ ਤਰ੍ਹਾਂ ਦਾ ਇੱਕ ਐਲਾਨ ਇੱਕ ਹਫਤੇ ਪਹਿਲਾਂ ਗਲੇਡਿਊ ਨੇ ਆਪਣੇ ਫੇਸਬੁੱਕ ਪੇਜ ਉੱਤੇ ਕੀਤਾ ਸੀ ਕਿ ਟੋਰੀ ਲੀਡਰ ਬਣਨ ਤੋਂ ਬਾਅਦ ਉਨ੍ਹਾਂ ਵੱਲੋਂ ਜਿਹੜਾ ਪਹਿਲਾ ਕੰਮ ਕੀਤਾ ਜਾਵੇਗਾ ਉਹ ਇਹ ਹੋਵੇਗਾ ਕਿ ਮੌਜੂਦਾ ਸਰਕਾਰ ਨੂੰ ਡੇਗਣ ਲਈ ਵਿਰੋਧੀ ਧਿਰ ਨੂੰ ਸਮਰਥਨ ਦੇਣ ਲਈ ਆਖਣਾ। ਇਸ ਦੌਰਾਨ ਇੱਕ ਬਿਆਨ ਵਿੱਚ ਓਟੂਲੇ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੀਡਰਸ਼ਿਪ ਨਾਲ ਕੈਨੇਡਾ ਨੂੰ ਗੰਭੀਰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜਿਵੇਂ ਹੀ ਉਹ ਆਗੂ ਬਣਨਗੇ ਤਾਂ ਉਹ ਸਭ ਤੋਂ ਪਹਿਲਾਂ ਸਰਕਾਰ ਖਿਲਾਫ ਬੇਭਰੋਸਗੀ ਮਤਾ ਲੈ ਕੇ ਆਉਣਗੇ। ਹਾਲਾਂਕਿ ਦੇਸ਼ ਵਿੱਚ ਫੈਡਰਲ ਚੋਣਾਂ ਕਰਵਾਉਣਾ ਐਨਾ ਆਸਾਨ ਨਹੀਂ ਹੈ ਜਿਨਾਂ ਇਨ੍ਹਾਂ ਉਮੀਦਵਾਰਾਂ ਨੂੰ ਲੱਗ ਰਿਹਾ ਹੈ। ਇਨ੍ਹਾਂ ਆਗੂਆਂ ਨੂੰ ਹੋਰਨਾਂ ਵਿਰੋਧੀ ਪਾਰਟੀਆਂ ਦੇ ਸਮਰਥਨ ਦੀ ਲੋੜ ਹੋਵੇਗੀ। ਪਰ ਹੁਣ ਤੱਕ ਐਨਡੀਪੀ ਆਗੂ ਜਗਮੀਤ ਸਿੰਘ ਤੇ ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੋਇਸ ਬਲੈਂਚੈਟ ਲਿਬਰਲ ਸਰਕਾਰ ਨੂੰ ਜਲਦ ਡੇਗਣ ਦਾ ਕੋਈ ਇਰਾਦਾ ਨਹੀਂ ਰੱਖਦੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੁਖਨਾ ਕੈਚਮੈਂਟ ਏਰੀਏ ਬਾਰੇ ਮੁੱਖ ਮੰਤਰੀ ਵੱਲੋਂ ਕੋਰਟ ਦੇ ਫੈਸਲੇ ਦੀ ਘੋਖ ਦਾ ਐਲਾਨ

ਚੰਡੀਗੜ੍ਹ, 3 ਮਾਰਚ, (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਸੁਖਨਾ ਝੀਲ ਨਾਲ ਲਗਦੇ ਕੈਚਮੈਂਟ ਏਰੀਏ ਵਿਚ ਹੋਈਆਂ ਉਸਾਰੀਆਂ ਬਾਰੇ ਹਾਈ ਕੋਰਟ ਤੋਂ ਜਾਰੀ ਹੋਏ ਤਾਜ਼ਾ ਹੁਕਮਾਂ ਨੂੰ ਘੋਖਣ ਦੇ ਲਈ ਕਹਿ ਦਿੱਤਾ ਹੈ। ਅੱਜ ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਫੈਸਲੇ ਦੀ ਕਾਪੀ ਅੱਜ ਹੀ ਲਈ ਹੈ ਤੇ ਐਡਵੋਕੇਟ ਜਨਰਲ ਇਸ ਨੂੰ ਘੋਖ ਕੇ ਆਪਣੀਆਂ ਸਿਫਾਰਸ਼ਾਂ ਸਰਕਾਰ ਨੂੰ ਦੇ ਦੇਣਗੇ।

ਇਸ ਮੌਕੇ ਇਕ ਸਵਾਲ ਦੇ ਜਵਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਇਸ ਮਸਲੇ ਦਾ ਹੱਲ ਕੱਢਣ ਲਈ ਵਿਧਾਨਿਕ ਜਾਂ ਜੁਡੀਸ਼ਲ ਪੱਧਰ ਉੱਤੇ ਫੈਸਲਾ ਲਵੇਗੀ। ਉਨਾਂ ਕਿਹਾ, 'ਅਸੀਂ ਲੋਕਾਂ ਦੇ ਨਾਲ ਹਾਂ ਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਕਦਮ ਚੁੱਕਾਂਗੇ।' ਵਰਨਣ ਯੋਗ ਹੈ ਕਿ ਸੁਖਨਾ ਝੀਲ ਨੂੰ ਕਾਨੂੰਨੀ ਹਸਤੀ ਵਜੋਂ ਮਾਨਤਾ ਦੇਂਦੇ ਹੋਏ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਦੇ ਨਾਲ ਲੱਗਦੇ ਇਲਾਕੇ ਵਿੱਚ ਬਣੇ ਸਾਰੇ ਅਣ-ਅਧਿਕਾਰਿਤ ਢਾਂਚਿਆਂ ਨੂੰ ਤਿੰਨ ਮਹੀਨਿਆਂ ਵਿੱਚ ਢਾਹੁਣ ਦੇ ਹੁਕਮ ਦਿੱਤੇ ਤੇ ਦੋਵਾਂ ਰਾਜਾਂ ਉੱਤੇ ਮੋਟਾ ਜੁਰਮਾਨਾ ਲਾਇਆ ਸੀ। ਇਸ ਕਦਮ ਦੇ ਨਾਲ ਪੰਜਾਬ ਅਤੇ ਹਰਿਆਣਾ ਦੇ ਵੱਡੇ ਸਿਆਸੀ ਆਗੂਆਂ ਤੇ ਅਫਸਰਾਂ ਦੇ ਘਰਾਂ ਉੱਤੇ ਕਰੇਨਾਂ ਚੱਲਣ ਦਾ ਖਤਰਾ ਹੋ ਗਿਆ ਹੈ। ਕੋਰਟ ਦੇ ਇਨ੍ਹਾਂ ਸਖਤ ਹੁਕਮਾਂ ਨਾਲ ਜਿਨ੍ਹਾਂ ਦੇ ਘਰ ਢਾਹੇ ਜਾ ਸਕਦੇ ਹਨ, ਇਨ੍ਹਾਂ ਵਿੱਚ ਅਕਾਲੀ ਦਲ ਦੇ ਇੱਕ ਸਾਬਕਾ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਇੱਕ ਬਾਗੀ ਵਿਧਾਇਕ ਸ਼ਾਮਲ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਤੋਂ ਕਰਤਾਰਪੁਰ ਸਾਹਿਬ ਕੋਰੀਡੋਰ ਤੱਕ ਮੁਫ਼ਤ ਬਸ ਸੇਵਾ ਸ਼ੁਰੂ




ਅੰਮ੍ਰਿਤਸਰ 3 ਮਾਰਚ (ਗਿਆਨ ਸਿੰਘ ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਨ ਜਾਣ ਵਾਲੇ ਸ਼ਰਧਾਲੂਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਤੋਂ ਡੇਰਾ ਬਾਬਾ ਨਾਨਕ ਸਥਿਤ ਕੋਰੀਡੋਰ ਟਰਮੀਨਲ ਤੱਕ ਮੁਫ਼ਤ ਬੱਸ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦੀ ਰਸਮੀਂ ਆਰੰਭਤਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਥਾਨਕ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਤੋਂ ਕੀਤੀ। ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸ਼੍ਰੋਮਣੀ ਕਮੇਟੀ ਅਧਿਕਾਰੀ ਵੀ ਮੌਜੂਦ ਸਨ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਇਸ ਤੋਂ ਪਹਿਲਾਂ ਵੀ ਡੇਰਾ ਬਾਬਾ ਨਾਨਕ ਰੇਵਲੇ ਸਟੇਸ਼ਨ ਅਤੇ ਬੱਸ ਅੱਡੇ ਤੋਂ ਟਰਮੀਨਲ ਤੱਕ ਬੱਸਾਂ ਮੁਫ਼ਤ ਸੇਵਾਵਾਂ ਦੇ ਰਹੀ ਹੈ। ਅੰਮ੍ਰਿਤਸਰ ਤੋਂ ਪਹਿਲੀ ਬੱਸ ਰਵਾਨਾ ਕਰਨ ਸਮੇਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਕਰਤਾਰਪੁਰ ਸਾਹਿਬ ਨਤਮਸਤਕ ਹੋਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਵਚਨਬੱਧ ਹੈ। ਇਸ ਤਹਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਰਿਹਾਇਸ਼ ਅਤੇ ਲੰਗਰ ਦੀ ਸੁਵਿਧਾ ਨਿਰੰਤਰ ਜਾਰੀ ਹੈ। ਹੁਣ ਸੰਗਤਾਂ ਦੀ ਮੰਗ ਅਨੁਸਾਰ ਸ੍ਰੀ ਅੰਮ੍ਰਿਤਸਰ ਤੋਂ ਮੁਫ਼ਤ ਬਸ ਸੇਵਾ ਸ਼ੁਰੂ ਕੀਤੀ ਗਈ ਹੈ। ਇਹ ਬੱਸ ਸਵੇਰੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਨਜ਼ਦੀਕ ਭਾਈ ਗੁਰਦਾਸ ਹਾਲ ਤੋਂ ਰੋਜ਼ਾਨਾ ਚੱਲੇਗੀ ਅਤੇ ਸ਼ਾਮ ਸਮੇਂ ਡੇਰਾ ਬਾਬਾ ਨਾਨਕ ਤੋਂ ਸੰਗਤਾਂ ਨੂੰ ਅੰਮ੍ਰਿਤਸਰ ਤੱਕ ਵਾਪਸ ਲਿਆਉਣ ਦੀ ਸਹੂਲਤ ਵੀ ਦੇਵੇਗੀ। ਇਸ ਦੌਰਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਭੇਜਣ ਦੀ ਸ਼ੁਰੂਆਤ ਵੀ ਜਲਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ

### ਸ਼੍ਰੋਮਣੀ ਕਮੇਟੀ ਵੱਲੋਂ ਰਾਗੀ ਜਥੇ ਭੇਜਣ ਦੀ ਜਲਦ ਹੋਵੇਗੀ ਸ਼ੁਰੂਆਤ

ਸ਼੍ਰੋਮਣੀ ਕਮੇਟੀ ਨੇ ਪਹਿਲਾਂ ਵੀ ਰਾਗੀ ਜਥੇ ਭੇਜੇ ਸਨ, ਪਰੰਤੂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ 'ਤੇ ਰੋਕ ਲਗਾ ਦਿੱਤੀ ਸੀ। ਹੁਣ ਪਾਕਿਸਤਾਨ ਕਮੇਟੀ ਦੇ ਪ੍ਰਧਾਨ ਨੇ ਰਾਗੀ ਜਥਿਆਂ ਸਬੰਧੀ ਸਪੱਸ਼ਟ ਕਰ ਦਿੱਤਾ ਹੈ ਅਤੇ ਸ਼੍ਰੋਮਣੀ ਕਮੇਟੀ ਅਗਲੇ ਦਿਨਾਂ ਵਿਚ ਇਸ ਦੀ ਸ਼ੁਰੂਆਤ ਕਰ ਦੇਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਤੰਗ-ਪ੍ਰੇਸ਼ਾਨ ਕਰਨਾ ਮੰਦਭਾਗਾ ਹੈ। ਇਹ ਪੰਜਾਬ ਦੇ ਲੋਕਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਵਾਲੀ ਪ੍ਰਕਿਰਿਆ ਹੈ। ਪੰਜਾਬ ਸਰਕਾਰ ਇਸ 'ਤੇ ਤੁਰੰਤ ਰੋਕ ਲਗਾ ਕੇ ਅੱਗੇ ਤੋਂ ਯਕੀਨੀ ਬਣਾਏ ਕਿ ਅਜਿਹਾ ਨਹੀਂ ਹੋਵੇਗਾ। ਭਾਈ ਲੌਂਗੋਵਾਲ ਨੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਸਪੋਰਟ ਦੀ ਸ਼ਰਤ 'ਤੇ ਮੁੜ ਵਿਚਾਰ ਕਰਨ ਦੀ ਗੱਲ ਵੀ ਆਖੀ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਪਾਣੀ, ਸਿਆਸਤ ਤੇ ਸ਼ਹਾਦਤ



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375

ਪਾਣੀ ਜੀਵਨ ਦਾ ਸੱਭ ਤੋਂ ਮਹੱਤਵਪੂਰਨ ਅੰਗ ਹੈ। ਇਸ ਦੇ ਬਿਨਾਂ ਜੀਵਨ ਸੰਭਵ ਨਹੀਂ ਹੈ। ਹਰੇਕ ਕਿਸਮ ਦੀ ਬਨਸਪਤੀ ਲਈ ਪਾਣੀ ਅਤੀ ਲੋੜੀਂਦਾ ਹੈ, ਕਿਸੇ ਨੂੰ ਬਹੁਤਾ ਤੇ ਕਿਸੇ ਨੂੰ ਘੱਟ। ਮਨੁੱਖੀ ਸਰੀਰ ਵਿਚ ਵੀ ਤਾਂ 70 ਫ਼ੀਸਦੀ ਪਾਣੀ ਹੀ ਹੈ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਪਾਣੀ ਦੀ ਅਹਿਮੀਅਤ ਨੂੰ ਦਰਸਾਉਂਦਿਆਂ ਹੋਇਆਂ ਫ਼ਰਮਾਇਆ ਹੈ:

"ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ।।"

'ਜਪੁਜੀ ਸਾਹਿਬ' ਦੇ ਅਖ਼ੀਰ ਵਿਚ ਸਲੋਕ "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ" ਪਾਣੀ ਨੂੰ 'ਪਿਤਾ' ਤੇ ਧਰਤੀ ਨੂੰ 'ਮਾਤਾ' ਦਾ ਦਰਜਾ ਦਿੰਦਾ ਹੈ।

ਸੰਸਾਰ ਦੀਆਂ ਪੁਰਾਤਨ ਸੱਭਿਆਤਾਵਾਂ ਚਾਹੇ ਨੀਲ ਘਾਟੀ ਦੀ ਸੱਭਿਅਤਾ ਜਾਂ ਚਾਹੇ ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ ਕਰੀਏ, ਇਹ ਕ੍ਰਮਵਾਰ ਨੀਲ ਤੇ ਸਿੰਧ ਦਰਿਆਵਾਂ ਦੇ ਕਿਨਾਰਿਆਂ 'ਤੇ ਹੀ ਵੱਸੀਆਂ ਸਨ। ਦੁਨੀਆਂ ਦੇ ਲੱਗਭੱਗ ਸਾਰੇ ਹੀ ਵੱਡੇ ਸ਼ਹਿਰ ਸਮੁੰਦਰ ਜਾਂ ਦਰਿਆਵਾਂ ਦੇ ਕੰਢੇ ਹੀ ਵੱਸੇ ਹਨ। ਭਾਰਤ ਦੇ ਵੱਡੇ ਸ਼ਹਿਰ ਹਰਿਦੁਆਰ, ਰਿਸ਼ੀਕੇਸ਼, ਅਲਾਹਾਬਾਦ, ਕਲਕੱਤਾ, ਯਮੁਨਾਨਗਰ ਆਦਿ ਗੰਗਾ ਤੇ ਯਮੁਨਾ ਨਦੀਆਂ ਦੇ ਕਿਨਾਰਿਆਂ 'ਤੇ ਹਨ ਅਤੇ ਮੁੰਬਈ ਸਮੁੰਦਰ ਦੇ ਕੰਢੇ ਹੈ। ਇਸੇ ਤਰ੍ਹਾਂ ਭਾਰਤ ਦੀਆਂ ਹੋਰ ਨਦੀਆਂ ਕ੍ਰਿਸ਼ਨਾ, ਕਾਵੇਰੀ, ਨਰਬਦਾ, ਤਾਪਤੀ, ਗੋਦਾਵਰੀ ਆਦਿ ਦੇ ਕਿਨਾਰਿਆਂ 'ਤੇ ਅਨੇਕਾਂ ਵੱਡੇ ਸ਼ਹਿਰ ਵੱਸੇ ਹੋਏ ਹਨ। ਕੈਨੇਡਾ ਦੇ ਤਿੰਨ ਵੱਡੇ ਸ਼ਹਿਰ ਮਾਂਟਰੀਅਲ, ਟੋਰਾਂਟੋ, ਵੈਨਕੂਵਰ ਆਦਿ ਵੀ ਸਮੁੰਦਰ ਜਾਂ ਵੱਡੀਆਂ ਝੀਲਾਂ ਦੇ ਕੰਢਿਆਂ 'ਤੇ ਹਨ। ਆਸਟ੍ਰੇਲੀਆ ਦੇ ਸ਼ਹਿਰ ਸਿਡਨੀ, ਮੈਲਬੌਰਨ, ਕੈਨਬਰਾ, ਐਡੀਲੇਡ, ਬ੍ਰਿਸਬੇਨ ਆਦਿ ਵੀ ਸਮੁੰਦਰ ਦੇ ਕੰਢਿਆਂ 'ਤੇ ਹੀ ਹਨ। ਦੁਨੀਆਂ ਦੇ ਬਾਕੀ ਦੇਸ਼ਾਂ ਵਿਚ ਵੀ ਇਹ ਵਰਤਾਰਾ ਇੰਜ ਹੀ ਹੈ।

**ਪਾਣੀਆਂ ਦੀ ਲੜਾਈ ਤੇ ਸਿਆਸਤ**

ਪਾਣੀ ਤੋਂ ਲੜਾਈਆਂ ਮੁੱਢ-ਕਦੀਮ ਤੋਂ ਹੀ ਚੱਲੀਆਂ ਆਈਆਂ ਹਨ। ਜੰਗਲਾਂ ਵਿਚ ਰਹਿੰਦਿਆਂ ਤੇ ਉਸ ਤੋਂ ਬਾਅਦ ਵੀ ਪੁਰਾਤਨ ਕਬੀਲੀਆਂ ਦੇ ਆਪਣੀ ਟਕਰਾਅ ਆਮ ਤੌਰ 'ਤੇ ਪਾਣੀਆਂ ਦੇ ਕਬਜ਼ਿਆਂ ਤੋਂ ਹੀ ਹੋਇਆ ਕਰਦੇ ਸਨ। ਕਈ ਦੇਸ਼ਾਂ ਦੀਆਂ ਆਪਸੀ ਲੜਾਈਆਂ ਪਾਣੀਆਂ ਤੋਂ ਹੀ ਹੋਈਆਂ। ਅਰਬਾਂ ਤੇ ਇਜ਼ਰਾਈਲੀਆਂ ਵਿਚਕਾਰ ਇਹ ਲੜਾਈ 1949 ਤੋਂ ਸ਼ੁਰੂ ਹੋ ਕੇ 1967 ਤੀਕ ਚੱਲਦੀ ਰਹੀ। ਪਾਕਿਸਤਾਨ ਵਿਚ ਵਗਦੇ ਸਿੰਧ ਦਰਿਆ ਦੇ 'ਇੰਡਸ-ਬੇਸਿਨ ਵਾਟਰਜ਼' ਦਾ ਕਈ ਦਹਾਕੇ ਪੁਰਾਣਾ ਭਾਰਤ-ਪਾਕਿ 'ਸੀਤ-ਯੁੱਧ' ਅਜੇ ਵੀ ਉਂਜ ਹੀ ਚੱਲ ਰਿਹਾ ਹੈ। ਦੱਖਣੀ ਭਾਰਤ ਦੇ ਸੂਬਿਆਂ ਕਰਨਾਟਕਾ ਤੇ ਤਾਮਿਲ ਨਾਡੂ ਵਿਚਕਾਰ 802 ਕਿਲੋਮੀਟਰ ਲੰਮੇਂ ਕਾਵੇਰੀ ਨਦੀ ਦੇ ਬੇਸਿਨ ਏਰੀਏ ਵਿਚ ਪਾਣੀ ਦੀ ਵੰਡ ਦਾ ਝਗੜਾ ਭਾਰਤ ਦੀ ਵੰਡ ਤੋਂ ਵੀ ਪਹਿਲਾਂ ਦਾ 1910 ਤੋਂ ਚੱਲ ਰਿਹਾ ਹੈ। ਕਈ ਟ੍ਰਿਬਿਊਨਲ ਤੇ ਬੋਰਡ ਬਣੇ ਅਤੇ ਅਖ਼ੀਰ ਮਾਮਲਾ ਸੁਪਰੀਮ ਕੋਰਟ ਵਿਚ ਗਿਆ ਜਿਸ ਨੇ 16 ਫ਼ਰਵਰੀ 2018 ਨੂੰ ਆਪਣਾ ਫ਼ੈਸਲਾ ਦਿੱਤਾ। ਇਸ ਦੇ ਅਨੁਸਾਰ ਹੀ ਕਰਨਾਟਕਾ, ਤਾਮਿਲ ਨਾਡੂ, ਕੈਰਲਾ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪਾਂਡੀਚਰੀ ਵਿਚਕਾਰ ਪਾਣੀਆਂ ਦੀ ਵੰਡ ਕੀਤੀ ਗਈ।

**ਐੱਸ.ਵਾਈ ਐੱਲ. ਦਾ ਰੇੜਕਾ ਤੇ ਅਕਾਲੀਆਂ ਦਾ 'ਕਪੂਰੀ ਮੋਰਚਾ'**

ਪੰਜਾਬ ਤੇ ਹਰਿਆਣੇ ਵਿਚਕਾਰ ਐੱਸ.ਵਾਈ.ਐੱਲ. (ਸਤਲੁਜ-ਯਮੁਨਾ ਲਿੰਕ) ਨਹਿਰ ਦਾ ਰੇੜਕਾ ਹੈ ਜੋ ਨਵੰਬਰ 1966 ਵਿਚ ਹਰਿਆਣਾ ਦੇ ਨਵੇਂ ਸੂਬੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਸ਼ੁਰੂ ਹੋਇਆ। ਹਰਿਆਣੇ ਨੇ ਪੰਜਾਬ ਦੇ ਕੁੱਲ 7.2 ਮਿਲੀਅਨ ਏਕੜ ਫੁੱਟ (ਐੱਮ.ਏ.ਐੱਫ਼) ਵਿੱਚੋਂ 4.8 ਐੱਮ.ਏ.ਐੱਫ਼. ਪਾਣੀ ਦੀ ਮੰਗ ਕੀਤੀ ਜੋ ਪੰਜਾਬ ਨੂੰ ਮਨਜ਼ੂਰ ਨਹੀਂ ਸੀ। ਮਾਮਲਾ ਕੇਂਦਰ ਸਰਕਾਰ ਕੋਲ ਗਿਆ ਜਿਸ ਨੇ 1975 ਵਿਚ ਦੇਸ਼ ਵਿਚ ਲੱਗੀ ਐਮਰਜੈਂਸੀ ਦੌਰਾਨ 1976 ਵਿਚ ਪੰਜਾਬ ਤੇ ਹਰਿਆਣੇ ਦੋਹਾਂ ਨੂੰ 3.5 ਐੱਮ.ਏ.ਐੱਫ਼. ਅਤੇ 0.2 ਐੱਮ.ਏ.ਐੱਫ਼. ਪਾਣੀ ਦਿੱਲੀ ਨੂੰ ਦੇਣ ਦਾ ਹੁਕਮ ਚਾੜ੍ਹਿਆ ਜੋ ਪੰਜਾਬ ਨੇ ਨਾ-ਮਨਜ਼ੂਰ ਕੀਤਾ ਅਤੇ ਇਸ ਦੇ ਵਿਰੁੱਧ ਆਵਾਜ਼ ਉਠਾਈ। ਹਰਿਆਣੇ ਨੂੰ ਹੋਰ ਪਾਣੀ ਪਹੁੰਚਾਉਣ ਲਈ 214 ਕਿਲੋਮੀਟਰ ਲੰਮੀ ਸਤਲੁਜ ਯਮਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਸਤਲੁਜ ਅਤੇ ਯਮੁਨਾ ਦਰਿਆਵਾਂ ਦੇ ਪਾਣੀਆਂ ਨੂੰ ਜੋੜਨ ਲਈ ਬਨਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਪੰਜਾਬ ਵਾਲੇ ਵਡੇਰੇ ਹਿੱਸੇ ਵਿਚ ਇਸ ਦੇ ਨਿਰਮਾਣ ਲਈ ਹਰਿਆਣੇ ਦੇ ਤਤਕਾਲੀ ਮੁੱਖ-ਮੰਤਰੀ ਦੇਵੀ ਲਾਲ ਵੱਲੋਂ ਪੰਜਾਬ ਦੇ ਤਤਕਾਲੀ ਮੁੱਖ-ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਸ ਸਮੇਂ ਇਕ ਕਰੋੜ ਰੁਪਏ ਦਾ ਚੈੱਕ ਵੀ ਦਿੱਤਾ ਗਿਆ।

1980 ਵਿਚ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣ ਗਈ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1981 ਵਿਚ ਦਿੱਤੇ ਗਏ 'ਇੰਦਰਾ ਗਾਂਧੀ ਐਵਾਰਡ' ਅਨੁਸਾਰ ਪੰਜਾਬ ਦਾ ਹਿੱਸਾ ਵਧਾ ਕੇ 4.22 ਐੱਮ.ਏ.ਐੱਫ਼ ਕੀਤਾ ਗਿਆ, ਰਾਜਸਥਾਨ ਨੂੰ 8.66 ਐੱਮ.ਏ.ਐੱਫ਼. ਪਾਣੀ ਦਿੱਤਾ ਗਿਆ ਅਤੇ ਉਸ ਸਮੇਂ ਉਪਲੱਬਧ ਕੁੱਲ ਪਾਣੀ ਦੇ 17.17 ਐੱਮ.ਏ.ਐੱਫ਼ ਵਿੱਚੋਂ ਬਾਕੀ ਦਾ ਹਰਿਆਣੇ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਤਿੰਨਾਂ ਸੂਬਾਈ ਸਰਕਾਰਾਂ ਵੱਲੋਂ ਸੁਪਰੀਮ ਕੋਰਟ ਵਿੱਚੋਂ ਆਪਣਾ ਕੇਸ ਵਾਪਸ ਲੈ ਲਿਆ ਗਿਆ ਅਤੇ ਹਰਿਆਣੇ ਨੂੰ ਹੋਰ ਪਾਣੀ ਪਹੁੰਚਾਉਣ ਲਈ ਇਸ ਨਹਿਰ ਦਾ ਉਦਘਾਟਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 8 ਅਪ੍ਰੈਲ 1982 ਨੂੰ ਪੰਜਾਬ ਦੇ ਕਪੂਰੀ ਪਿੰਡ ਵਿਚ ਟੱਕ ਲਗਾ ਕੇ ਕੀਤਾ ਗਿਆ। ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਫ਼ੈਸਲਾ ਮਨਜ਼ੂਰ ਨਹੀਂ ਸੀ ਅਤੇ ਉਸ ਨੇ ਇਸ ਦੇ ਵਿਰੁੱਧ ਕੁਝ ਦਿਨਾਂ ਬਾਅਦ ਹੀ ਕਪੂਰੀ ਪਿੰਡ ਵਿਖੇ ਆਪਣਾ ਮੋਰਚਾ ਆਰੰਭ ਕਰ ਦਿੱਤਾ। ਕੁਝ ਕੁ ਮਹੀਨੇ ਇਹ ਮੋਰਚਾ ਉੱਥੇ ਚੱਲਦਾ ਰਿਹਾ ਅਤੇ ਬਾਅਦ ਵਿਚ ਇਸ ਮੋਰਚੇ ਦੇ 'ਡਿਕ-ਟੇਟਰ' ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਇਹ ਮੋਰਚਾ ਅੰਮ੍ਰਿਤਸਰ ਤਬਦੀਲ ਕਰ ਦਿੱਤਾ ਗਿਆ। ਉੱਥੋਂ ਹੀ ਸ਼ਾਮ ਨੂੰ ਅਕਾਲੀ ਦਲ ਦੇ ਵਰਕਰਾਂ ਦੀਆਂ ਜੱਥਿਆਂ ਦੇ ਰੂਪ ਵਿਚ ਗ੍ਰਿਫ਼ਤਾਰੀਆਂ ਹੁੰਦੀਆਂ ਰਹੀਆਂ। ਫਿਰ ਇਸ ਦੀ ਕਮਾਂਡ ਗਰਮ-ਖ਼ਿਆਲੀਏ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਹੱਥ ਆ ਜਾਣ 'ਤੇ ਇਸ ਦਾ ਜੋ ਅੰਜਾਮ 4 ਜੂਨ ਨੂੰ ਹੋਏ 'ਬਲਿਊ ਸਟਾਰ ਓਪਰੇਸ਼ਨ' ਦੇ ਰੂਪ ਵਿਚਾਂ ਹੋਇਆ, ਉਸ ਤੋਂ ਸਾਰੇ ਹੀ ਭਲੀ-ਭਾਂਤ ਜਾਣੂੰ ਹਨ ਅਤੇ ਇਸ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ।

**ਰਾਵੀ-ਬਿਆਸ ਪਾਣੀਆਂ ਬਾਰੇ 'ਇਰਾਡੀ ਟ੍ਰਿਬਿਊਨਲ'**

ਅਕਤੂਬਰ 1985 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣ ਗਈ ਅਤੇ ਉਸ ਨੇ 5 ਨਵੰਬਰ 1985 ਨੂੰ ਇੰਦਰਾ ਗਾਂਧੀ ਦੇ 1981 ਦੇ ਐਵਾਰਡ (ਫ਼ੈਸਲੇ) ਨੂੰ ਰੱਦ ਕਰ ਦਿੱਤਾ। ਸਿੱਟੇ ਵਜੋਂ, ਰਾਵੀ-ਬਿਆਸ ਦੇ ਪਾਣੀਆਂ ਦੀ ਵੰਡ ਦੇ ਮਸਲੇ ਦੇ ਹੱਲ ਲਈ ਕੇਂਦਰ ਸਰਕਾਰ ਵੱਲੋਂ ਵੀ. ਬਾਲਾਕ੍ਰਿਸ਼ਨਾ ਰੈਡੀ ਦੀ ਅਗਵਾਈ ਵਿਚ ਇਕ ਵਾਟਰ ਟ੍ਰਿਬਿਊਨਲ ਦੀ ਸਥਾਪਨਾ ਕੀਤੀ ਗਈ ਜਿਸ ਨੂੰ 'ਇਰਾਡੀ ਟ੍ਰਿਬਿਊਲ' ਦਾ ਨਾਂ ਦਿੱਤਾ ਗਿਆ। ਇਸ ਨੇ 1955, 1976 ਅਤੇ 1981 ਵਿਚ ਹੋਏ ਫ਼ੈਸਲਿਆਂ ਨੂੰ ਕਾਫ਼ੀ ਹੱਦ ਤੀਕ ਯੋਗ ਠਹਿਰਾਉਂਦਿਆਂ ਹੋਇਆਂ ਜਨਵਰੀ 1987 ਵਿਚ ਪੰਜਾਬ ਅਤੇ ਹਰਿਆਣੇ ਨੂੰ ਕ੍ਰਮਵਾਰ 5 ਐੱਮ.ਏ.ਐੱਫ਼ ਤੇ 3.83 ਐੱਮ.ਏ.ਐੱਫ. ਪਾਣੀ ਦੀ ਵੰਡ ਕੀਤੀ ਅਤੇ ਇਸ ਦੇ ਨਾਲ ਹੀ ਪੰਜਾਬ ਨੂੰ ਇਸ ਦੇ ਹਿੱਸੇ ਵਿਚ ਉਦੋਂ ਤੀਕ ਨਾ ਬਣੀ ਹੋਈ ਨਹਿਰ ਦੀ ਉਸਾਰੀ ਸ਼ੁਰੂ ਕਰਨ ਲਈ ਕਿਹਾ ਗਿਆ। ਉਸ ਸਮੇਂ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੀ ਅਕਾਲੀ ਦਲ ਦੀ ਸਰਕਾਰ ਵੱਲੋਂ ਅਣਮੰਨੇ ਜਿਹੇ ਮਨ ਨਾਲ ਜਨਵਰੀ 1990 ਇਹ ਉਸਾਰੀ ਸ਼ੁਰੂ ਤਾਂ ਕਰ ਦਿੱਤੀ ਗਈ ਪਰ ਜੁਲਾਈ 1990 ਵਿਚ ਇਸ ਉਸਾਰੀ ਨੂੰ ਪੱਕਾ ਵਿਰਾਮ (ਫੁੱਲ-ਸਟਾਪ) ਲੱਗ ਗਿਆ ਜਦੋਂ ਇਸ ਵੱਡੇ ਪ੍ਰਾਜੈੱਕਟ ਦੇ ਚੀਫ਼ ਇੰਜੀਨੀਅਰ ਨੂੰ ਅੱਤਵਾਦੀਆਂ ਵੱਲੋਂ ਗੋਲੀ ਮਾਰ ਕੇ ਪਾਰ ਬੁਲਾ ਦਿੱਤਾ ਗਿਆ।

**ਹਰਿਆਣਾ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਕੇਸ ਦਾਇਰ**

1999 ਵਿਚ ਹਰਿਆਣਾ ਸਰਕਾਰ ਵੱਲੋਂ ਐੱਸ.ਵਾਈ.ਐੱਲ. ਨਹਿਰ ਦੀ ਪੰਜਾਬ ਵਿਚ ਉਸਾਰੀ ਸ਼ੁਰੂ ਕਰਵਾਉਣ ਲਈ ਕੇਸ ਦਾਖਲ਼ ਕਰ ਦਿੱਤਾ ਗਿਆ ਜੋ ਹੁਣ ਤੀਕ ਚੱਲ ਰਿਹਾ ਹੈ। 2002 ਵਿਚ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਇਹ ਕੰਮ ਮੁੜ ਸ਼ੁਰੂ ਕਰਨ ਲਈ ਹੁਕਮ ਦਿੱਤੇ ਪਰ ਪੰਜਾਬ ਸਰਕਾਰ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਸੁਪਰੀਮ ਕੋਰਟ ਵਿਚ 'ਰੀਵਿਊ-ਪਟੀਸ਼ਨ' ਦਾਖ਼ਲ ਕਰ ਦਿੱਤੀ। 2004 ਵਿਚ ਸੁਪਰੀਮ ਕੋਰਟ ਨੇ ਇਹ ਕੰਮ ਕਿਸੇ ਸੈਂਟਰਲ ਏਜੰਸੀ ਕੋਲੋਂ ਕਰਵਾਉਣ ਦੇ ਹੁਕਮ ਦਿੱਤੇ ਅਤੇ 2 ਜੁਲਾਈ 1904 ਨੂੰ ਇਹ ਕੰਮ ਸੈਂਟਰਲ ਪਬਲਿਕ ਵਰਕਸ ਡਿਪਾਰਟਮੈਂਟ ਨੂੰ ਸੌਂਪਿਆ ਗਿਆ। ਅਲਬੱਤਾ, 12 ਜੁਲਾਈ ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਵੱਲੋਂ ਪੰਜਾਬ ਅਸੈਂਬਲੀ ਵਿਚ ਸਰਬ-ਸੰਮਤੀ ਨਾਲ 'ਪੰਜਾਬ ਟਰਮੀਨੇਸ਼ਨ ਐਗਰੀਮੈਂਟ ਐਕਟ, 2004 ਪਾਸ ਕਰਕੇ ਗਵਾਂਢੀ ਰਾਜਾਂ ਨਾਲ ਹੋਏ ਤਮਾਮ ਸਮਝੌਤਿਆਂ ਨੂੰ ਰੱਦ ਕਰ ਦਿੱਤਾ ਗਿਆ। ਭਾਰਤ ਦੇ ਰਾਸ਼ਟਰਪਤੀ ਵੱਲੋਂ ਇਹ ਮਾਮਲਾ ਓਸੇ ਸਾਲ ਹੀ ਸੁਪਰੀਮ ਕੋਰਟ ਨੂੰ ਰੈਫ਼ਰ ਕਰ ਦਿੱਤਾ ਗਿਆ।

ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਇਸ 'ਪੰਜਾਬ ਟਰਮੀਨੇਸ਼ਨ ਐਗਰੀਮੈਂਟ ਐਕਟ, 2004 ਦੀ ਸੁਣਵਾਈ ਸੁਪਰੀਮ ਕੋਰਟ ਵੱਲੋਂ 7 ਮਾਰਚ 2016 ਨੂੰ ਆਰੰਭ ਕੀਤੀ ਗਈ। ਇਸ ਦੇ ਨਾਲ ਹੀ 15 ਮਾਰਚ 2016 ਨੂੰ ਪੰਜਾਬ ਵਿਧਾਨ ਸਭਾ ਨੇ 'ਪੰਜਾਬ ਸਤਲੁਜ ਯਮਨਾ ਲਿੰਕ ਕੈਨਾਲ ਲੈਂਡ' ਐਕਟ ਪਾਸ ਕਰਕੇ ਐੱਸ.ਵਾਈ.ਐੱਲ. ਨਹਿਰ ਹੇਠ ਆਈ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਐਲਾਨ ਕਰ ਦਿੱਤਾ ਅਤੇ ਕਈ ਥਾਂਈਂ ਕਿਸਾਨਾਂ ਨੇ ਆਪਣੇ ਟ੍ਰੈਕਟਰ ਅਤੇ ਜੇ.ਸੀ.ਬੀ. ਮਸ਼ੀਨਾਂ ਲਗਾ ਕੇ ਨਹਿਰ ਨੂੰ ਪੂਰ ਵੀ ਦਿੱਤਾ। ਇਸ ਦੇ ਤਿੰਨ ਦਿਨ ਬਾਅਦ ਹੀ 18 ਮਾਰਚ 2016 ਨੂੰ ਸੁਪਰੀਮ ਕੋਰਟ ਨੇ ਆਪਣਾ ਸਟੇਅ-ਆਰਡਰ ਦੇ ਕੇ ਪੰਜਾਬ ਸਰਕਾਰ ਨੂੰ ਸਥਿਤੀ ਜਿਉਂ ਦੀ ਤਿਉਂ ਬਣਾ ਕੇ ਰੱਖਣ ਲਈ ਹੁਕਮ ਦਿੱਤਾ। 10 ਨਵੰਬਰ 2016 ਨੂੰ ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ 'ਪੰਜਾਬ ਟਰਮੀਨੇਸ਼ਨ ਐਗਰੀਮੈਂਟ ਐਕਟ, 2004 ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। 2017 ਵਿਚ ਵਿਧਾਨ ਸਭਾ ਚੋਣਾਂ ਵਿਚ ਹੋਈ ਕਰਾਰੀ ਹਾਰ ਤੋਂ ਪਿੱਛੋਂ ਪਿਛਲੇ ਦੋ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਇਸ ਦੇ ਵਿਰੁੱਧ ਲੁਧਿਆਣੇ ਅਤੇ ਕਈ ਹੋਰ ਕਈ ਥਾਂਵਾਂ 'ਤੇ ਆਪਣੀਆਂ ਰੈਲੀਆਂ ਕੀਤੀਆਂ ਅਤੇ ਕਿਹਾ ਕਿ ਉਹ ਪਾਣੀ ਦੀ ਇਕ ਬੂੰਦ ਵੀ ਹੋਰ ਹਰਿਆਣੇ ਨੂੰ ਨਹੀਂ ਜਾਣ ਦੇਣਗੇ। ਏਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਆਪਣੇ ਬਿਆਨਾਂ ਵਿਚ ਏਹੀ ਗੱਲ ਕਹਿ ਰਹੇ ਹਨ। ਪੰਜਾਬ ਤੀਸਰੀ ਸਿਆਸੀ ਪਾਰਟੀ 'ਆਪ' (ਆਮ ਆਦਮੀ ਪਾਰਟੀ) ਪਹਿਲਾਂ ਤਾਂ ਇਸ ਦੇ ਬਾਰੇ ਕਾਫ਼ੀ ਦੁਚਿੱਤੀ ਵਿਚ ਰਹੀ ਹੈ ਪਰ ਹੁਣ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਕੁਝ ਸਰਗ਼ਰਮ ਹੋਈ ਲੱਗਦੀ ਹੈ। ਪਿੱਛੇ ਜਿਹੇ ਉਸ ਨੇ ਵੀ ਇਸ ਨੇ ਵਿਰੁੱਧ ਕਪੂਰੀ ਪਿੰਡ ਵਿਚ ਕੁਝ ਦਿਨ ਧਰਨਾ ਦਿੱਤਾ ਹੈ।

**ਮਾਮਲੇ ਦੀ ਅਜੋਕੀ ਸਥਿਤੀ**

ਹਰਿਆਣੇ ਨੇ ਆਪਣੇ ਸੂਬੇ ਵਿਚ 92 ਕਿਲੋਮੀਟਰ ਨਹਿਰ ਬਣਾ ਕੇ 85% ਕੰਮ ਖ਼ਤਮ ਕੀਤਾ ਹੋਇਆ ਹੈ ਅਤੇ ਉਸ ਦਾ 15% ਹੀ ਬਾਕੀ ਕਰਨ ਵਾਲਾ ਰਹਿੰਦਾ ਹੈ ਪਰ ਇਸ ਦੇ ਉਲਟ ਪੰਜਾਬ ਵਿਚ ਅਜੇ ਬਹੁਤ ਸਾਰਾ ਕੰਮ ਹੋਣ ਵਾਲਾ ਹੈ। ਕਈ ਥਾਈਂ ਕਿਸਾਨਾਂ ਵੱਲੋਂ ਪੂਰੀ ਹੋਈ ਅਤੇ ਟੁੱਟੀ ਭੱਜੀ ਨਹਿਰ ਤੋਂ ਇਲਾਵਾ ਇਹ ਬਹੁਤ ਸਾਰੀ ਅਜੇ ਬਣਨ ਵਾਲੀ ਵੀ ਰਹਿੰਦੀ ਹੈ। ਸੁਪਰੀਮ ਕੋਰਟ ਵਿਚ ਚੱਲ ਰਿਹਾ ਕੇਸ ਹੁਣ ਆਖ਼ਰੀ ਪੜਾਅ 'ਤੇ ਹੈ ਅਤੇ ਇਸ ਦਾ ਫ਼ੈਸਲਾ ਜੱਜਾਂ ਵੱਲੋਂ ਕਿਸੇ ਵੀ ਸਮੇਂ ਸੁਣਾਇਆ ਜਾ ਸਕਦਾ ਹੈ। ਮਾਹਿਰਾਂ ਦੇ ਅਨੁਸਾਰ ਇਹ ਫ਼ੈਸਲਾ ਪੰਜਾਬ ਦੇ ਉਲਟ ਆਉਣ ਦੀ ਸੰਭਾਵਨਾ ਹੈ, ਕਿਉਂਕਿ ਸੁਪਰੀਮ ਕੋਰਟ ਵਿਚ ਪੰਜਾਬ ਦੇ ਅਟਾਰਨੀ ਜਨਰਲ ਅਤੁਲ ਨੰਦਾ ਅਤੇ ਸਰਕਾਰੀ ਵਕੀਲਾਂ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਓਨੀਆਂ ਵਿਆਪਕ ਤੇ ਅਸਰਦਾਰ ਨਹੀਂ ਜਾਪਦੀਆਂ। ਓਧਰ ਹਰਿਆਣੇ ਅਤੇ ਕੇਂਦਰ ਵਿਚ ਬੀਜੇਪੀ ਦੀ ਸਰਕਾਰ ਹੋਣ ਕਾਰਨ ਨੂੰ ਉਸ ਨੂੰ ਇਸ ਦਾ ਸਿਆਸੀ ਲਾਭ ਵੀ ਮਿਲ ਸਕਦਾ ਹੈ। ਲੋਕਾਂ ਨੂੰ ਵੀ ਸੁਪਰੀਮ ਕੋਰਟ ਦੇ ਜੱਜਾਂ ਦਾ ਝੁਕਾਅ ਹਰਿਆਣੇ ਦੇ ਪੱਖ ਵਿਚ ਹੀ ਲੱਗਦਾ ਹੈ। ਵੇਖੋ, ਅੱਗੋਂ ਕੀ ਬਣਦਾ ਹੈ।

ਪੰਜਾਬ ਦੇ ਪਾਣੀ ਦੀ ਖ਼ਾਤਰ ਸ਼ਹਾਦਤ ਪਿਛਲੇ ਹਫ਼ਤੇ ਸੰਪੰਨ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਬੋਲਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਪਾਣੀ ਦਾ ਪੱਧਰ ਹੋਰ ਡੂੰਘਾ ਹੋ ਜਾਣ ਕਾਰਨ ਇਸ ਦੇ ਕੋਲ ਮਸਾਂ ਆਪਣੇ ਜੋਗਾ ਹੀ ਪਾਣੀ ਹੈ ਅਤੇ ਹਰਿਆਣੇ ਨੂੰ ਦੇਣ ਲਈ ਪੰਜਾਬ ਕੋਲ ਪਾਣੀ ਦੀ ਇਕ ਬੂੰਦ ਵੀ ਵਾਧੂ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਹਰਿਆਣੇ ਨੂੰ ਪਾਣੀ ਨਹੀਂ ਜਾਣ ਦੇਣਗੇ ਅਤੇ ਜੇਕਰ ਲੋੜ ਪਈ ਤਾਂ ਇਸ ਦੇ ਲਈ ਆਪਣੀ ਸ਼ਹਾਦਤ ਵੀ ਦੇ ਦੇਣਗੇ। ਸੁਪਰੀਮ ਕੋਰਟ ਦੇ ਫ਼ੈਸਲੇ ਦੀ ਤੀਬਰਤਾ ਨਾਲ ਉਡੀਕ ਕੀਤੀ ਜਾ ਰਹੀ ਹੈ। ਹੋ ਸਕਦਾ ਹੈ ਕਿ ਆਉਂਦੇ ਕੁਝ ਦਿਨਾਂ ਵਿਚ ਇਹ ਸੁਣਾ ਦਿੱਤਾ ਜਾਏ।

ਵੇਖੋ, ਹੁਣ ਊਠ ਕਿਸ ਕਰਵਟ ਬੈਠਦਾ ਹੈ। ਇਹ ਫ਼ੈਸਲਾ ਜੇਕਰ ਪੰਜਾਬ ਦੇ ਵਿਰੁੱਧ ਆਉਂਦਾ ਹੈ ਤਾਂ ਫਿਰ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਮੰਤਰੀ-ਮੰਡਲ ਦਾ ਕੀ ਸਟੈਂਡ ਹੋਵੇਗਾ, ਇਸ ਦਾ ਪਤਾ ਤਾਂ ਉਦੋਂ ਹੀ ਲੱਗ ਸਕੇਗਾ। ਪੰਜਾਬ ਦੇ ਪਾਣੀ ਲਈ 'ਸ਼ਹਾਦਤ' ਬਾਰੇ ਵੀ ਪਤਾ ਉਦੋਂ ਹੀ ਲੱਗੇਗਾ।

AIRMORE Heating & Air Conditioning Experts
Sales - Service - Installation
Residential / Commercial
ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ
ਪਾਣੀ ਦਾ ਹੀਟਰ, ਹੁਮੀਡੀਫਾਇਰ, ਰੂਫਟਾਪ, ਯੂਨੀਟ ਹੀਟਰ
ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ
Call us 24x7: 647-526-6115


WATNO PAAR Punjabi
Printed In Canada
ਵਤਨੋਂ ਪਾਰ ਪੰਜਾਬੀ
www.watnopaar.ca 905-673-3000 watnopaar@gmail.com
GLORIOUS 18 YEARS OF SUCCESS
A Name of Quality & Quantity
Watno Paar Punjabi




BOOK YOUR AD FOR
2020 WATNO PAAR PUNJABI DIRECTORY

18 GLORIOUS YEARS OF SUCCESS
WE ARE THE #1 CHOICE OF SOUTH ASIAN COMMUNITY IN GTA
Directory Releases Every Year From Last 18 Years
Watnopaar Punjabi Directory is also available online
www.watnopaar.ca | app : watnopaarpunjabi
ANDROID APP ON Google play
ALL PAGES ARE FULLY COLORED
PRESTIGIOUS GLOSSY PAGES $1000 PER PAGE
WITH ONE REGULAR PAGE FREE
REGULAR FULL PAGE $500 PER PAGE
FRONT, BACK, FRONT INNER, BACK INNER,
SPINE, BOTTOM LINE (EVERY PAGE),
UPPER LINE (EVERY PAGE)
AVAILABLE ON EARLY REQUEST (ASK FOR DETAILS)
Design & Photography Totally Free
www.watnopaar.ca | watnopaar@gmail.com
Contact: 647-893-3600, 905-799-2000, 905-673-3000
7071, Airport Road, #212, Mississauga, ON L4T 4J3

# ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ, ਜ਼ਿਲਾ ਅਟਕ





ਹਸਨ ਅਬਦਾਲ ਨਾਮੀ ਕਸਬਾ ਰਾਵਲਪਿੰਡੀ ਤੋਂ 45 ਕਿਲੋਮੀਟਰ ਦੂਰ ਪਿਸ਼ਾਵਰ ਜਾਣ ਵਾਲੀ ਜੀ ਟੀ ਰੋਡ ਉੱਤੇ ਹੈ। ਇਸ ਕਸਬੇ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਨਕੋਸ਼ ਅਨੁਸਾਰ ਪਹਿਲੀ ਸਾਵਣ ਤੇ ਦੂਜੇ ਇਤਿਹਾਸਕਾਰਾਂ ਅਨੁਸਾਰ ਵਿਸਾਖ ਸੰਮਤ 1578 ( 1521 ਈਸਵੀ ) ਨੂੰ ਤਸ਼ਰੀਫ ਲਿਆਏ। ਉਸ ਵੇਲੇ ਇੱਥੇ ਬਾਬਾ ਵਲੀ ਕੰਧਾਰੀ ਜੀ ਇੱਕ ਪਹਾੜ ਦੀ ਚੋਟੀ ਉੱਤੇ ਠਹਿਰੇ ਹੋਏ ਸਨ । ਸਤਿਗੁਰੂ ਜੀ ਨੇ ਇੱਥੇ ਪਿੱਪਲ ਦੇ ਇੱਕ ਦਰਖਤ ਹੇਠ ਨਿਵਾਸ ਕੀਤਾ । ਜਨਮ ਸਾਖੀਆਂ ਅਨੁਸਾਰ ਬਾਬੇ ਮਰਦਾਨੇ ਨੂੰ ਜਦ ਹ ਲੱਗੀ ਤਾ ਸੱਚੇ ਪਾਤਿਸ਼ਾਹ ਜੀ ਨੇ ਉਹਨਾ ਨੂੰ ਤਿੰਨ ਵਾਰ ਵਲੀ ਕੰਧਾਰੀ ਜੀ ਪਾਸ ਪਾਣੀ ਲੈਣ ਭੇਜਿਆ । ਤਿੰਨੇ ਵਾਰ ਉਹਨਾਂ ਆਖਿਆ ਕਿ " ਜਿਸ ਫਕੀਰ ਦਾ ਤੂੰ ਮੁਰੀਦ ਹੈ ਉਹ ਤੈਨੂੰ ਪਾਣੀ ਨਹੀਂ ਪਿਆ ਸਕਦਾ । ਇਹ ਸੁਣ ਕੇ ਸਤਿਗੁਰੂ ਜੀ ਫੁਰਮਾਏ ਤੇ ਇੱਕ ਪੱਥਰ ਆਪਣੇ ਕਰਕਮਲਾ ਨਾਲ ਉਠਾਇਆ ਤੇ ਉਹਦੇ ਥੱਲਿਓ ਨਿਰਮਲ ਜਲ ਫੁੱਟ ਖਲੋਤਾ। ਮਰਦਾਨਾ ਜੀ ਨੇ ਪਾਣੀ ਪੀ ਕੇ ਰੱਬ ਦਾ ਸ਼ੁਕਰ ਕੀਤਾ । ਉੱਧਰ ਵਲੀ ਕੰਧਾਰੀ ਜੀ ਦਾ ਚਸ਼ਮਾ ਸੁੱਕ ਗਿਆ, ਉਸ ਦਾ ਪਾਣੀ ਇਸ ਚਸ਼ਮੇ ਵਿੱਚ ਆ ਗਿਆ ਸੀ। ਉਹਨਾ ਨੇ ਇੱਕ ਭਾਰੀ ਪੱਥਰ ਥੱਲੇ ਵੱਲ ਰੇੜ ਦਿੱਤਾ । ਸਤਿਗੁਰੂ ਜੀ ਨੇ ਉਸ ਪੱਥਰ ਨੂੰ ਪੰਜੇ ਨਾਲ ਰੋਕ ਲਿਆ ਤੇ ਪੱਥਰ ਅੰਦਰ ਆਪ ਜੀ ਦਾ ਪੰਜਾ ਉੱਕਰ ਗਿਆ। ਪੰਜੇ ਦੇ ਚਿੰਨ ਵਾਲਾ ਇਹ ਪੱਥਰ ਅਤੇ ਮਰਦਾਨੇ ਦੀ ਪਿਆਸ ਬੁਝਾਉਣ ਵਾਲਾ ਇਹ ਚਸ਼ਮਾ ਅੱਜ ਵੀ ਜਾਰੀ ਹੈ । ਸ਼ਰਧਾਲੂ ਪੰਜੇ ਨੂੰ ਚੁੰਮ ਕੇ ਤੇ ਜਲ ਛਕ ਕੇ ਨਿਹਾਲ ਹੁੰਦੇ ਹਨ।

ਬਹੁਤ ਚਿਰ ਇਹ ਅਸਥਾਨ ਇੰਝ ਹੀ ਪਿਆ ਰਿਹਾ। ਮੁਕਾਮੀ ਸ਼ਰਧਾਲੂ ਮੱਥਾ ਟੇਕਦੇ ਰਹੇ, ਹੌਲੀ ਹੌਲੀ ਸੰਗਤ ਜੁੜਨ ਲੱਗੀ ਤੇ ਕੱਚਾ ਦਰਬਾਰ ਉਸਾਰਿਆ ਗਿਆ . ਖਾਲਸਾ ਰਾਜ ਸਮੇ ਜਦ ਪਿਸ਼ਾਵਰ ਫਤਿਹ ਹੋਇਆ ਤਾ ਸਰਦਾਰ ਹਰੀ ਸਿੰਘ ਨਲੂਆ ਨੇ ਇੱਕ ਵਿਸ਼ਾਲ ਤੇ ਸੁੰਦਰ ਗੁਰਦੁਆਰਾ ਤੇ ਸਰੋਵਰ ਬਣਵਾਇਆ। ਪਿਸ਼ਾਵਰ ਤੋਂ ਮੁੜਦਿਆ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਦਰਸ਼ਨਾ ਨੂੰ ਆਏ। ਗੁਰਦੁਆਰੇ ਦਾ ਪ੍ਰਬੰਧ ਮਹੰਤਾ ਕੋਲ ਰਿਹਾ। ਲੋਕਾ ਨੂੰ ਮਹੰਤਾ ਵਿਰੁੱਧ ਬਹੁਤ ਸ਼ਕਿਾਇਤਾ ਪੈਦਾ ਹੋ ਗਈਆ। 18 ਨਵੰਬਰ 1920ਈ: ਨੂੰ ਇੱਕ ਜਥਾ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਪੰਜਾ ਸਾਹਿਬ ਪਹੁੰਚਿਆ। ਖਤਰਾ ਸੀ ਕਿ ਭਾਰੀ ਲੜਾਈ ਹੁੰਦੀ। ਪਰ ਇੱਥੋਂ ਦੇ ਮੁਸਲਮਾਨਾਂ ਨੇ ਭਾਈ ਕਰਤਾਰ ਸਿੰਘ ਦਾ ਸਾਥ ਦਿੱਤਾ ਜਿਹਦੇ ਨਾਲ ਮਹੰਤਾ ਨੂੰ ਹਾਰ ਹੋਈ ਅਤੇ ਗੁਰਦੁਆਰੇ ਦਾ ਪ੍ਰਬੰਧ ਸ਼ਰੋਮਣੀ ਕਮੇਟੀ ਦੇ ਹੱਥ ਆਇਆ . ਪ੍ਰਬੰਧਕ ਕਮੇਟੀ ਨੇ ਨਵੀਂ ਇਮਾਰਤ ਤਿਆਰ ਕਰਵਾਈ ਤੇ ਰਿਹਾਇਸ਼ੀ ਕਮਰੇ ਬਣਵਾਏ। ਗੁਰੂ ਕੇ ਬਾਗ ਦੇ ਮੋਰਚੇ ਸਮੇ 30 ਅਕਤੂਬਰ 1922 ਨੂੰ ਜਦ ਬੰਦੀ ਸਿੰਘਾ ਨੂੰ ਅਟਕ ਜੇਲ ਵਿੱਚ ਬੰਦ ਕਰਨ ਵਾਸਤੇ ਲੈ ਜਾਣ ਵਾਲੀ ਰੇਲ ਗੱਡੀ ਪੰਜਾ ਸਾਹਿਬ ਪਹੁੰਚੀ ਤਾਂ ਸੰਗਤਾ ਨੇ ਉਹਨਾ ਨੂੰ ਪ੍ਰਸ਼ਾਦਾ ਛਕਾਉਣ ਵਾਸਤੇ ਟਰੇਨ ਰੋਕਣ ਦੀ ਬੇਨਤੀ ਕੀਤੀ, ਜੋ ਨਾ ਮੰਨੀ ਗਈ ਤਾ ਸੰਗਤ ਰੇਲਵੇ ਲਾਈਨ ਉੱਤੇ ਲੰਮੀ ਪੈ ਗਈ। ਇਸ ਧਰਨੇ ਵਿੱਚ ਸ: ਪ੍ਰਤਾਪ ਸਿੰਘ ਤੇ ਸ੍ਰ: ਕਰਮ ਸਿੰਘ ਨੇ ਗੱਡੀ ਦੇ ਥੱਲੇ ਆ ਕੇ ਸ਼ਹੀਦੀ ਪ੍ਰਾਪਤ ਕੀਤੀ ਤੇ ਗੱਡੀ ਰੁਕਵਾ ਲਈ ਗਈ।

ਇਸ ਵੇਲੇ ਗੁਰਦੁਆਰਾ ਪੰਜਾ ਸਾਹਿਬ ਦਾ ਪ੍ਰਬੰਧ ਮਹਿਕਮਾ ਔਕਾਫ ਪਾਕਿਸਤਾਨ ਕੋਲ ਹੈ। ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਭਾਈ ਇੰਦਰ ਸਿੰਘ ਜੀ ਬੋਰਡ ਵੱਲੋਂ ਗਰੰਥੀ ਹਨ । ਸਾਲ ਵਿੱਚ ਚਾਰ ਵਾਰ ਦੇਸ਼ ਵਿਦੇਸ਼ ਤੋਂ ਸੰਗਤ ਇਕੱਤਰ ਹੁੰਦੀ ਹੈ । ਵਿਸਾਖੀ ਦਾ ਭਾਰੀ ਮੇਲਾ ਹੁੰਦਾ ਹੈ । ਇਸ ਗੁਰਦੁਆਰੇ ਦੇ ਨਾ ਮਹਾਰਾਜਾ ਰਣਜੀਤ ਸਿੰਘ ਵੱਲੋਂ ਅਰਪੀ ਪੰਜ ਸੌ ਰੁਪਏ ਦੀ ਸਾਲਾਨਾ ਜਾਗੀਰ ਅਤੇ ਪਣ ਚੱਕੀਆ ਵੀ ਹਨ। ਵਕਫ ਬੋਰਡ ਨੇ ਵਿਦੇਸ਼ੀ ਸੰਗਤ ਨਾਲ ਰਲ ਕੇ ਇੱਕ ਬਹੁਤ ਹੀ ਸੁੰਦਰ ਅਤੇ ਵੱਡਾ ਰਿਹਾਇਸ਼ੀ ਬਲਾਕ ਬਣਵਾਇਆ ਹੈ। ਇਸ ਤੋਂ ਇਲਾਵਾ ਇੱਕ ਸਕੂਲ, ਪਾਣੀ ਦੀ ਟੈਂਕੀ ਅਤੇ ਦੂਜੀਆ ਕਈ ਸੌਖਿਆਈਆ ਦਾ ਪ੍ਰਬੰਧ ਵੀ ਕੀਤਾ ਹੈ।

# ਕੁਦਰਤ ਨਾਲ ਖਿਲਵਾੜ, ਤਬਾਹੀ ਦਾ ਸੂਚਕ



ਗੁਰਮੀਤ ਸਿੰਘ ਪਲਾਹੀ

ਵਿਸ਼ਵ ਪੱਧਰ ਉਤੇ ਕੁਦਰਤੀ ਆਫ਼ਤਾਂ ਨਾਲ ਉਜੜੇ ਲੋਕਾਂ ਦੀ ਔਸਤ, ਜੰਗਾਂ ਅਤੇ ਹਿੰਸਾ ਨਾਲ ਉਜਾੜੇ ਤੋਂ ਬਹੁਤ ਹੀ ਜਿਆਦਾ ਹੈ। ਸੰਯੁਕਤ ਰਾਸ਼ਟਰ ਦੀ ਵਿਸ਼ਵ ਪ੍ਰਵਾਸ ਰਿਪੋਰਟ ਵਿੱਚ 148 ਦੇਸਾਂ ਉਤੇ ਕੀਤੇ ਇੱਕ ਸਰਵੇ ਦੇ ਅੰਕੜਿਆਂ ਦੇ ਅਧਾਰ ਤੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਇਹਨਾ ਦੇਸ਼ਾਂ ਦੇ ਕੁਲ 2.8 ਕਰੋੜ ਲੋਕ ਉਜੜੇ, ਜਿਹਨਾ ਵਿੱਚੋਂ 61 ਫੀਸਦੀ (1.75 ਕਰੋੜ) ਜਲਵਾਯੂ ਤਬਦੀਲੀ ਕਾਰਨ ਉਜੜੇ, ਜਦਕਿ 39 ਫੀਸਦੀ (1.08 ਕਰੋੜ) ਲੜਾਈਆਂ ਅਤੇ ਹਿੰਸਕ ਸੰਘਰਸ਼ ਦੇ ਕਾਰਨ ਤਬਾਹ ਹੋਏ। ਜਲਵਾਯੂ ਤਬਦੀਲੀ ਉਤੇ ਇੰਟਰ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ (ਆਈ ਪੀ ਸੀ ਸੀ) ਨੇ ਵੀ ਆਪਣੀ ਇੱਕ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਹੈ ਕਿ ਜਿਵੇਂ-ਜਿਵੇਂ ਜਲਵਾਯੂ ਆਫਤਾਂ ਦੀ ਸੰਖਿਆ ਅਤੇ ਤੇਜੀ ਵਧੇਗੀ, ਅਨੇਕਾਂ ਲੋਕਾਂ ਨੂੰ ਆਪਣਾ ਘਰ ਅਤੇ ਦੇਸ਼ ਛੱਡਣ ਨੂੰ ਮਜਬੂਰ ਹੋਣਾ ਪਵੇਗਾ।

ਗਰਮੀ ਜਾਂ ਸਿਆਲ ਰੁੱਤਾਂ ਅਤੇ ਬਰਸਾਤੀਂ ਮੌਸਮ ਮਨੁੱਖੀ ਗਲਤੀਆਂ ਕਰਨ ਬਹੁਤ ਬਦਲ ਰਿਹਾ ਹੈ। ਗਰਮੀ, ਅਤਿ ਦੀ ਗਰਮੀ 'ਚ ਬਦਲ ਰਹੀ ਹੈ, ਧਰਤੀ ਉਤੇ ਤਾਪਮਾਨ ਵੱਧ ਰਿਹਾ ਹੈ, ਹਜ਼ਾਰਾਂ ਦੀ ਸੰਖਿਆ ਵਿੱਚ ਕੀੜਿਆਂ-ਮਕੌੜਿਆਂ, ਪੰਛੀਆਂ-ਜਾਨਵਰਾਂ ਦੀ ਪ੍ਰਜਾਤੀਆਂ ਖਤਮ ਹੋ ਰਹੀਆਂ ਹਨ। ਸਿਆਲੂ ਦਿਨ ਕਦੇ ਜਿਆਦਾ ਠੰਡੇ, ਜਿਆਦਾ ਠਾਰੂ ਹੋ ਰਹੇ ਹਨ। ਪ੍ਰਦੂਸ਼ਣ ਨੇ ਲੋਕਾਂ ਦੇ ਨਾਸੀਂ ਧੂੰਆਂ ਕੱਢ ਦਿੱਤਾ ਹੈ। ਦੁਨੀਆਂ ਦੇ ਕਈ ਖਿੱਤਿਆਂ 'ਚ, ਹੜ੍ਹ ਆਉਂਦੇ ਹਨ, ਤਬਾਹੀਆਂ ਹੁੰਦੀਆਂ ਹਨ ਤੇ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਸੋਕੇ ਕਾਰਨ, ਧਰਤੀ ਦਾ ਸੀਨਾ ਤਪਸ਼ ਕਾਰਨ ਸੜ ਜਾਂਦਾ ਹੈ। ਕਦੇ ਸਮੁੰਦਰੀ ਸੁਨਾਮੀ ਤਬਾਹੀ ਲਿਆਉਂਦੀ ਹੈ ਅਤੇ ਕਿਧਰੇ ਪ੍ਰਦੂਸ਼ਣ, ਧਰਤੀ ਦੀ ਕੁੱਖ ਨਾਲ ਛੇੜਛਾੜ ਕਾਰਨ ਜਾਂ ਜੰਗਲਾਂ ਦੇ ਵੱਢ-ਵਢਾਂਗੇ ਕਾਰਨ ਮਨੁੱਖ ਅਤੇ ਪ੍ਰਕ੍ਰਿਤੀ ਦੇ ਹੋਰ ਜੀਵ ਅਣਿਆਈ ਮੌਤੇ ਮਰਦੇ ਹਨ। ਭਲਾ ਕਰੋਨਾ ਵਾਇਰਸ ਕਿਥੋਂ ਆਇਆ, ਜਿਸਨੇ ਪੂਰੀ ਦੁਨੀਆਂ 'ਚ ਲੋਕਾਂ ਦੀ ਮਨਾਂ 'ਚ ਮੌਤ ਦਾ ਭੈਅ ਪੈਦਾ ਕੀਤਾ ਹੋਇਆ? ਭਾਰਤ 'ਚ ਪਲੇਗ ਫੈਲੀ। ਭਾਰਤ 'ਚ ਹੈਜਾ ਫੈਲਿਆ ਹਜ਼ਾਰਾਂ ਨਹੀਂ ਲੱਖਾਂ ਲੋਕ ਮਰ ਗਏ! ਇਹ ਮੌਤਾਂ ਪਿਛਲੀਆਂ ਦੋ ਸਦੀਆਂ 'ਚ ਹੋਈਆਂ ਜੰਗਾਂ ਅਤੇ ਦੰਗਿਆਂ 'ਚ ਮਾਰੇ ਲੋਕਾਂ ਦੀ ਗਿਣਤੀ ਨਾਲੋਂ ਕਿਤੇ ਵੱਧ ਸਨ। 2018 ਵਿੱਚ ਵਿਸ਼ਵ ਬੈਂਕ ਨੇ ਆਪਣੇ ਇੱਕ ਅੰਦਾਜੇ ਵਿੱਚ ਕਿਹਾ ਕਿ ਜੇਕਰ ਕੋਈ ਠੋਸ ਕਦਮ ਨਾ ਚੁੱਕਿਆ ਗਿਆ ਤਾਂ 2050 ਤੱਕ ਪ੍ਰਿਥਵੀ ਦੇ ਤਿੰਨ ਵੱਡੇ ਹਿੱਸਿਆਂ( ਉਪ-ਸਹਾਰਾ ਅਫਰੀਕਾ, ਦੱਖਣੀ ਅਫਰੀਕਾ ਅਤੇ ਲੈਟਿਕ ਅਮਰੀਕਾ) ਵਿੱਚ 14.3 ਕਰੋੜ ਤੋਂ ਜਿਆਦਾ ਲੋਕਾਂ ਨੂੰ ਜਲਵਾਯੂ ਤਬਦੀਲੀ ਕਾਰਨ ਉਜਾੜੇ ਦਾ ਸਾਹਮਣਾ ਕਰਨਾ ਪਵੇਗਾ।

ਭਾਰਤੀ ਉਪਮਹਾਂਦੀਪ ਵਿੱਚ ਜਲਵਾਯੂ ਤਬਦੀਲੀ ਸਬੰਧੀ ਵੱਡੀਆਂ ਚਿੰਤਾਵਾਂ ਹਨ। ਭਾਰਤ, ਭੂਗੋਲਿਕ ਤੌਰ ਤੇ ਵਿਸ਼ਾਲ ਤੱਟ ਉਤੇ ਸਥਿਤ ਹੈ। ਇਥੇ ਪਿਛਲੇ ਦੋ ਸਾਲਾਂ ਵਿੱਚ ਹਰ ਮਹੀਨੇ ਕੁਦਰਤੀ ਆਫਤਾਂ ਨੇ ਪ੍ਰਕੋਪ ਦਿਖਾਇਆ ਹੈ। ਸੁੰਦਰਵਨ ਵਿੱਚ ਸਮੁੰਦਰ ਦੇ ਜਲ ਸਤਰ 'ਚ ਵਾਧਾ ਹੋਇਆ ਹੈ, ਜਿਸ ਨਾਲ ਕਈ ਸ਼ਹਿਰਾਂ ਦੇ ਸਮੁੰਦਰ ਵਿੱਚ ਧੱਸ ਜਾਣ ਦਾ ਖਤਰਾ ਵਧਿਆ ਹੈ। ਉਤਰੀ ਭਾਰਤ ਵਿੱਚ ਪਹਾੜੀ ਹੜ੍ਹ ਆਏ ਹਨ। ਬੱਦਲ ਫੱਟਣ ਦੀਆਂ ਘਟਨਾਵਾਂ ਵਧੀਆਂ ਹਨ ਅਤੇ ਭੁਚਾਲ ਦੀਆਂ ਘਟਨਾਵਾਂ 'ਚ ਵਾਧਾ ਵੀ ਨੋਟ ਕੀਤਾ ਗਿਆ ਹੈ। ਬੰਗਾਲ ਦੀ ਖਾੜੀ ਵਿੱਚ 2019 ਦਾ "ਆਇਲਾ ਚੱਕਰਵਾਤ" ਜਾਂ ਉਤਰਾਖੰਡ ਵਿੱਚ 2013 ਵਿੱਚ ਕੇਦਾਰਨਾਥ ਦਾ ਦੁਖਾਂਤ ਇਸੇ ਤੱਥ ਦੇ ਸਬੂਤ ਹਨ। ਪਿਛਲੇ ਸਾਲ ਏਸ਼ੀਆ ਵਿੱਚ ਹੋਈਆਂ 93ਫੀਸਦੀ ਆਫਤਾਂ ਵਿੱਚੋਂ 9 ਇੱਕਲੀਆਂ ਭਾਰਤ ਵਿੱਚ ਹੋਈਆਂ। ਇਹਨਾ ਆਫਤਾਂ ਵਿੱਚ ਪ੍ਰਿਥਵੀ ਉਤੇ ਜੋ ਮੌਤਾਂ ਹੋਈਆਂ, ਉਹਨਾ ਵਿੱਚੋਂ 48 ਫੀਸਦੀ ਭਾਰਤ ਵਿੱਚ ਹੀ ਹੋਈਆਂ। ਪਰ ਇੱਕ ਰਿਪੋਰਟ ਇਹ ਦੱਸਦੀ ਹੈ ਕਿ 2018 ਦੀ ਤੁਲਨਾ 2019 'ਚ ਭਾਵੇਂ ਕੁਦਰਤੀ ਆਫਤਾਂ ਦੀ ਗਿਣਤੀ ਤਾਂ ਘਟੀ, ਪਰ 2019 ਵਿੱਚ ਕੁਦਰਤੀ ਆਫਤਾਂ ਕਾਰਨ 45 ਫੀਸਦੀ ਵੱਧ ਮੌਤਾਂ ਹੋਈਆਂ।

ਜਲਵਾਯੂ ਦਾ ਅਧਿਐਨ ਕਰਨ ਵਾਲੇ ਵਿਗਿਆਨੀ ਹਾਲੇ ਵੀ ਇਸ ਦਲੀਲ-ਬ-ਦਲੀਲ 'ਚ ਉਲਝੇ ਹੋਏ ਹਨ ਕਿ ਪ੍ਰਿਥਵੀ ਕਿਸ ਦਰ ਨਾਲ ਗਰਮ ਹੋ ਰਹੀ ਹੇ ਜਾਂ ਇਹ ਕਿੰਨੀ ਗਰਮ ਹੋਏਗੀ? ਪਰ ਉਹ ਇਸ ਗੱਲ ਲਈ ਸਹਿਮਤ ਹਨ ਕਿ ਅਸਲ ਵਿੱਚ ਪ੍ਰਿਥਵੀ ਗਰਮ ਹੋ ਰਹੀ ਹੈ। ਉਹਨਾ ਨੇ ਇਸ ਗੱਲ ਦੀ ਵੀ ਪੁਸਟੀ ਕੀਤੀ ਹੈ ਕਿ ਪਿਛਲੇ 2000 ਸਾਲਾਂ ਦੇ ਕਿਸੇ ਵੀ ਸਮੇਂ ਦੀ ਨਿਸਬਤ ਪ੍ਰਿਥਵੀ ਜਿਆਦਾ ਗਰਮ ਹੈ। 20ਵੀ ਸ਼ਤਾਬਾਦੀ 'ਚ ਵਿਸ਼ਵ ਪੱਧਰ ਤੇ ਤਾਪਮਾਨ 0.6 ਡਿਗਰੀ ਸੈਲਸੀਅਸ ਤੱਕ ਵਧਿਆ ਹੈ। ਜਲਵਾਯੂ 'ਚ ਤਬਦੀਲੀ ਬਿਨ੍ਹਾਂ ਸ਼ੱਕ ਕੁਦਰਤੀ ਹੈ, ਪਰ ਮਨੁੱਖ ਨੇ ਆਪਣੀਆਂ ਸੁੱਖ ਸੁਵਿਧਾਵਾਂ ਲਈ ਜਿਹਨਾ ਸਾਧਨਾਂ ਦੀ ਵਰਤੋਂ ਕੀਤੀ ਹੈ, ਉਸ ਨਾਲ ਮੌਸਮ ਉਤੇ ਪ੍ਰਤੀਕੂਲ ਅਸਰ ਹੋ ਰਿਹਾ ਹੈ। ਧਰਤੀ ਉਤੇ ਤੂਫਾਨ, ਹੜ੍ਹ, ਸੋਕਾ ਵਧਿਆ ਹੈ। ਬਰਫ ਦੀਆਂ ਚੋਟੀਆਂ ਘਟੀਆਂ ਹਨ ਭਾਵ ਬਰਫ ਦੇ ਪਹਾੜ ਘਟੇ ਹਨ, ਸਮੁੰਦਰੀ ਜਲ ਸਤਰ 'ਚ ਵਾਧਾ ਹੋਇਆ ਹੈ। ਕਈ ਪੌਦੇ-ਦਰਖਤਾਂ, ਜੀਵ ਜੰਤੂ ਧਰਤੀ ਤੋਂ ਲੁਪਤ ਹੋ ਰਹੇ ਹਨ। ਵਿਸ਼ਵ ਦੇ ਉਹ ਖੇਤਰ ਜਿਹੜੇ ਕਣਕ, ਚਾਵਲ ਅਤੇ ਹੋਰ ਅਨਾਜ ਪੈਦਾ ਕਰਦੇ ਹਨ, ਉਹ ਗਲੋਬਲ ਵਾਰਮਿੰਗ ਦੇ ਕਾਰਨ ਇਹ ਅਨਾਜ ਪੈਦਾ ਕਰਨ ਤੋਂ ਅਸਮਰਥ ਹੋ ਸਕਦੇ ਹਨ। ਜਲਵਾਯੂ ਤਬਦੀਲੀ ਦਾ ਮਨੁੱਖ ਦੀ ਸਿਹਤ ਉਤੇ ਬੁਰਾ ਪ੍ਰਭਾਵ ਪਵੇਗਾ। ਪਰ ਇਸ ਜਲਵਾਯੂ ਤਬਦੀਲੀ ਦੇ ਪ੍ਰਭਾਵ ਨੂੰ ਤੁਰੰਤ ਰੋਕਣਾ ਸੰਭਵ ਨਹੀਂ। ਗਲੋਬਲ ਵਾਰਮਿੰਗ ਦਾ ਪ੍ਰਭਾਵ 100 ਸਾਲ ਤੱਕ ਨਿਰੰਤਰ ਰਹਿੰਦਾ ਹੈ। ਜਿਸ ਕਾਰਨ ਮੀਥੇਨ ਗੈਸ ਦਹਾਕਿਆਂ ਤੱਕ ਅਤੇ ਕਾਰਬਨ ਡਾਈਔਕਸਾਈਡ ਸਦੀਆਂ ਤੱਕ ਵਾਯੂਮੰਡਲ ਵਿੱਚ ਰਹੇਗੀ। ਗਰੀਨ ਹਾਊਸ ਗੈਸਾਂ, ਟੀ.ਵੀ., ਵੀਡੀਓ ਗੇਮ, ਮਿਊਜਲ ਸਿਸਟਮ, ਵਾਸ਼ਿੰਗ ਮਸ਼ੀਨ, ਮਾਈਕਰੋਵੇਵ ਓਵਨ, ਏਅਰ ਕੰਡੀਸ਼ਨਰ ਦੀ ਵਰਤੋਂ ਨਾਲ ਪੈਦਾ ਹੁੰਦੀਆਂ ਹਨ। ਇਸੇ ਤਰ੍ਹਾਂ ਕੋਲੇ ਅਤੇ ਤੇਲ ਦੇ ਜਲਾਉਣ ਨਾਲ ਕਾਰਬਨਡਾਈਔਕਸਾਈਡ ਵੱਡੀ ਮਾਤਰਾ 'ਚ ਵਾਯੂਮੰਡਲ 'ਚ ਫੈਲਦੀ ਹੈ। ਵਾਯੂਮੰਡਲ ਵਿੱਚ ਗਰੀਨ ਹਾਊਸ ਗੈਸਾਂ ਦੇ ਇੱਕਠੇ ਹੋਣ ਨੂੰ ਗਲੋਬਲ ਵਾਰਮਿੰਗ ਕਿਹਾ ਜਾਂਦਾ ਹੈ। ਇਸਦੇ ਪ੍ਰਭਾਵ ਨਾਲ ਮੌਸਮ ਅਤੇ ਤਾਪਮਾਨ ਵਿੱਚ ਤਬਦੀਲੀ ਵੇਖਣ ਨੂੰ ਮਿਲਦੀ ਹੈ। 20 ਵੀ ਸਦੀਂ ਵਿੱਚ 1990 ਦਾ ਦਹਾਕਾ ਸਭ ਤੋਂ ਜਿਆਦਾ ਗਰਮ ਸੀ। 1998 ਸਭ ਤੋਂ ਗਰਮ ਸਾਲ ਸੀ । 2002 ਦੂਸਰਾ ਸਭ ਤੋਂ ਗਰਮ ਸਾਲ ਬਣਿਆ। ਜਲਵਾਯੂ ਤਬਦੀਲੀ ਕਾਰਨ ਜੁਲਾਈ 2005 ਵਿੱਚ ਮੁੰਬਈ ਸ਼ਹਿਰ 'ਚ 24 ਘੰਟਿਆਂ 'ਚ 944 ਮਿਲੀਮੀਟਰ ਮੀਂਹ ਪਿਆ। ਸਾਲ 2005 ਵਿੱਚ ਹੀ ਯੂਰਪ 'ਚ ਚੱਲੀ ਲੂ ਕਾਰਨ 20,000 ਤੋਂ ਵੱਧ ਲੋਕਾਂ ਦੀ ਮੌਤ ਹੋਈ ਅਤੇ ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਮਲੇਰੀਆ, ਡੇਂਗੂ ਜਿਹੀਆਂ ਬੀਮਾਰੀਆਂ ਤੋਂ ਪ੍ਰਭਾਵਤ ਹੋਣਾ ਪਿਆ। ਕਰੋਨਾ ਵਾਇਰਸ ਵੀ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਦਾ ਸਿੱਟਾ ਹੈ।

ਵਿਗਿਆਨਕਾਂ ਦਾ ਮੰਨਣਾ ਹੈ ਕਿ ਜੇਕਰ ਪ੍ਰਿਥਵੀ ਉਤੇ ਇਸੇ ਢੰਗ ਨਾਲ ਗਲੋਬਲ ਵਾਰਮਿੰਗ ਹੁੰਦੀ ਰਹੀ, ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ਵਾਯੂਮੰਡਲ ਵਿੱਚ ਇਸੇ ਦਰ ਉਤੇ ਹੁੰਦੀ ਰਹੀ ਤਾਂ 2050 ਤੱਕ ਪ੍ਰਿਥਵੀ ਉਤੇ ਔਸਤ ਤਾਪਮਾਨ 5.8 ਡਿਗਰੀ ਸੈਲਸੀਅਸ ਵੱਧ ਜਾਏਗਾ ਅਤੇ ਮਨੁੱਖ ਜੀਵਾਂ ਅਤੇ ਬਨਸਪਤੀ ਦਾ ਇਸ ਧਰਤੀ ਉਤੇ ਰਹਿਣਾ ਮੁਹਾਲ ਹੋ ਜਾਏਗਾ। ਪਿਛਲੀ ਦਿਨੀਂ ਦੁਨੀਆ ਭਰ ਦੇ 130 ਦੇਸ਼ਾਂ ਦੇ ਮੁਖੀਆਂ ਨੇ ਆਉਣ ਵਾਲੇ ਸਮੇਂ 'ਚ ਇਸ ਵਾਧੇ ਨੂੰ ਰੋਕਣ ਲਈ ਯੋਜਨਾਵਾਂ ਤਿਆਰ ਕੀਤੀਆਂ ਹਨ ਅਤੇ ਅਹਿਦ ਲਿਆ ਹੈ ਕਿ ਇਹ ਵਾਧਾ ਕਿਸੇ ਵੀ ਹਾਲਤ ਵਿੱਚ 1.5 ਡਿਗਰੀ ਸੈਲਸੀਅਸ ਤੋਂ ਵੱਧ ਨਾ ਹੋਵੇ। ਇਹਨਾ ਦੇਸ਼ਾਂ ਦੇ ਮੁਖੀਆਂ ਨੇ ਗਰੀਨ ਹਾਊਸ ਗੈਸ ਪੈਦਾ ਕਰਨ ਵਾਲੇ ਸਾਧਨਾਂ ਦੇ ਬਦਲ ਲੱਭਣ ਲਈ ਸਾਂਝੇ ਯਤਨ ਕਰਨ ਦਾ ਫੈਸਲਾ ਲਿਆ ਹੈ।

ਪਰ ਸਰਕਾਰੀ ਯਤਨ ਹੀ ਜਲਵਾਯੂ ਪਰਿਵਰਤਨ ਦੇ ਬੁਰੇ ਪ੍ਰਭਾਵਾਂ ਨੂੰ ਰੋਕਣ ਲਈ ਸਹਾਈ ਨਹੀਂ ਹੋਣਗੇ। ਧਰਤੀ ਤੇ ਰਹਿੰਦੇ ਮਨੁੱਖਾਂ ਨੂੰ ਆਪਣੀਆਂ ਵਧੀਆਂ ਲੋੜਾਂ ਉਤੇ ਰੋਕ ਲਗਾਉਣੀ ਪਵੇਗੀ। ਦਰਖਤਾਂ ਦੀ ਕਟਾਈ ਰੋਕਣੀ ਪਵੇਗੀ, ਨਵੇਂ ਦਰਖਤ ਲਗਾਉਣੇ ਹੋਣਗੇ। ਵਹੀਕਲਾਂ ਦੀ ਵਰਤੋਂ ਛੱਡ ਪੈਦਲ ਤੁਰਨ ਨੂੰ ਤਰਜੀਹ ਦੇਣੀ ਹੋਵੇਗੀ। ਇਸਤੇਮਾਲ ਕਰਨ ਬਾਅਦ ਸੁੱਟੀਆਂ ਵਸਤਾਂ ਨੂੰ ਮੁੜ ਪ੍ਰਯੋਗ ਵਿੱਚ ਲਿਆਉਣਾ ਹੋਵੇਗਾ। ਬਿਜਲੀ ਦੀ ਵੱਧ ਵਰਤੋਂ ਦੀ ਆਦਤ ਛੱਡਕੇ, ਕੁਦਰਤੀ ਰੌਸ਼ਨੀ ਦਾ ਪ੍ਰਯੋਗ ਕਰਨਾ ਹੋਵੇਗਾ। ਕੂੜਾ ਜਲਾਉਣ ਤੋਂ ਰੋਕਣਾ ਹੋਵੇਗਾ ਅਤੇ ਪਲਾਸਟਿਕ ਦੀ ਵਰਤੋਂ ਬੰਦ ਕਰਕੇ, ਕੱਪੜੇ ਦੇ ਥੈਲਿਆਂ ਦਾ ਪ੍ਰਯੋਗ ਕਰਨਾ ਹੋਵੇਗਾ।

ਜਲਵਾਯੂ ਤਬਦੀਲੀ ਦਾ ਨਜ਼ਦੀਕੀ ਸਬੰਧ ਉਪਭੋਗ ਨਾਲ ਹੈ। ਉਪਭੋਗ ਦੇ ਅੰਤਰਗਤ ਚੀਜ਼ਾਂ ਅਤੇ ਊਰਜਾ ਦਾ ਇਸਤੇਮਾਲ ਵੱਧ ਤੋਂ ਵੱਧ ਹੋਣਾ ਸ਼ਾਮਲ ਹੈ। ਇਹ ਸਾਡੀ ਜੀਵਨ ਸ਼ੈਲੀ ਨਾਲ ਸਬੰਧਿਤ ਹੈ, ਅਸੀਂ ਕੀ ਖਰੀਦਦੇ ਹਾਂ? ਅਸੀਂ ਕਿਹੋ ਜਿਹਾ ਜੀਵਨ ਜੀਊਂਦੇ ਹਾਂ? ਅਸੀਂ ਜਲਵਾਯੂ ਤਬਦੀਲੀ ਨਾਲ ਹੋਈ ਤਬਾਹੀ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਂਦੇ। ਕੋਈ ਆਫਤ ਆਉਂਦੀ ਹੈ, ਅਸੀਂ ਉਸਨੂੰ ਜਲਦੀ ਭੁੱਲ ਜਾਂਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਜਿਹਨਾ ਥਾਵਾਂ ਉਤੇ ਆਫਤਾਂ ਆਈਆਂ, ਉਹਨਾਂ ਥਾਵਾਂ ਤੋਂ ਲੋਕਾਂ ਨੂੰ ਘਰ-ਬਾਰ ਛੱਡਣੇ ਪਏ, ਉਹ ਸ਼ਰਨਾਰਥੀ ਬਣੇ ਅਤੇ ਉਹਨਾ ਨੂੰ ਜੀਵਨ ਵਿੱਚ ਜੰਗ ਨਾਲੋਂ ਵੀ ਵੱਧ ਤਬਾਹੀ ਦੇ ਹਾਲਾਤਾਂ 'ਚੋਂ ਗੁਜ਼ਰਨਾ ਪਿਆ।

ਉਂਜ ਵੀ ਜਲਵਾਯੂ ਤਬਦੀਲੀ ਦਾ ਭੈੜਾ ਪ੍ਰਭਾਵ ਗਰੀਬ ਲੋਕਾਂ ਨੂੰ ਹੀ ਹੰਢਾਉਣਾ ਪੈਂਦਾ ਹੈ। ਜਦੋਂ ਵੀ ਕੋਈ ਆਫਤ ਆਉਂਦੀ ਹੈ ਤਾਂ ਉਹ ਬੇਘਰ ਹੋ ਜਾਂਦੇ ਹਨ। ਭੁਚਾਲ ਆਉਂਦਾ ਹੈ ਤਾਂ ਉਹਨਾ ਦੇ ਘਰ ਤਬਾਹ ਹੋ ਜਾਂਦੇ ਹਨ।

ਭਾਰਤ ਵਿੱਚ ਹੀ ਨਹੀਂ ਪੂਰੇ ਸੰਸਾਰ ਵਿੱਚ ਜਲਵਾਯੂ ਤਬਦੀਲੀ ਇੱਕ ਗੰਭੀਰ ਮੁੱਦਾ ਹੈ। ਗਰੀਬ ਤੋਂ ਲੈਕੇ ਅਮੀਰ ਦੇਸ਼ ਸਭ ਇਸਦੀ ਲਪੇਟ ਵਿੱਚ ਹਨ। ਅੱਜ ਇਹ ਸਵੀਕਾਰਨ ਦਾ ਸਮਾਂ ਹੈ ਕਿ ਜਲਵਾਯੂ ਤਬਦੀਲੀ ਨਾਲ ਹੋ ਰਹੀ ਤਬਾਹੀ ਇੱਕ ਗੰਭੀਰ ਸਮੱਸਿਆ ਹੈ ਅਤੇ ਮਨੁੱਖ ਨੂੰ ਇਸ ਤਬਾਹੀ ਤੋਂ ਛੁਟਕਾਰਾ ਪਾਉਣ ਲਈ ਆਪਣੀ ਜੀਵਨ ਸ਼ੈਲੀ 'ਚ ਤਬਦੀਲੀ ਲਿਆਉਣੀ ਹੀ ਪਵੇਗੀ।

-ਗੁਰਮੀਤ ਸਿੰਘ ਪਲਾਹੀ
9815802070
(ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)



# ਸਰਕਾਰੀ ਤੇ ਨਿੱਜੀ ਅਦਾਰੇ ਪੰਜਾਬੀ ਭਾਸ਼ਾ 'ਚ ਕਰਨਗੇ ਕੰਮ

## * ਵਿਧਾਨ ਸਭਾ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਸਰਕਾਰੀ ਕੰਮ ਪੰਜਾਬੀ 'ਚ ਨਾ ਕਰਨ ਵਾਲਿਆਂ ਦੀ ਅੱਗੇ ਤੋਂ ਖ਼ੈਰ ਨਹੀਂ ਹੋਵੇਗੀ। ਕੱਲ੍ਹ ਵਿਧਾਨ ਸਭਾ ਨੇ ਸਰਕਾਰੀ ਤੇ ਗ਼ੈਰ ਸਰਕਾਰੀ ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ 'ਚ ਕੰਮਕਾਰ ਨਾ ਕਰਨ ਵਾਲਿਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਲਈ ਪੰਜਾਬ ਰਾਜ ਭਾਸ਼ਾ ਕਮਿਸ਼ਨ ਬਣਾਉਣ ਤੇ ਦਸਵੀਂ ਤੱਕ ਸਾਰੇ ਸਕੂਲਾਂ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਲਈ ਮਤਾ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਇਸ ਬਾਰੇ ਵਿਧਾਨ ਸਭਾ ਵਿੱਚ ਪਾਸ ਕੀਤੇ ਮਤੇ ਅਨੁਸਾਰ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਦਸਵੀਂ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ, ਦਫ਼ਤਰਾਂ, ਨਿੱਜੀ ਅਦਾਰਿਆਂ 'ਤੇ ਸਾਰੇ ਬੋਰਡ ਪੰਜਾਬੀ ਵਿੱਚ ਲਿਖਣ ਦੇ ਨਾਲ ਅਦਾਲਤਾਂ ਦੇ ਫ਼ੈਸਲੇ ਪੰਜਾਬੀ ਵਿੱਚ ਲਿਖਣਾ ਲਾਜ਼ਮੀ ਹੋਵੇਗਾ। ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਦਨ ਵਿੱਚ ਮਤਾ ਪੇਸ਼ ਕਰਦਿਆਂ ਕਿਹਾ ਕਿ ਸਰਕਾਰ ਦੇ ਸਾਰੇ ਅਦਾਰਿਆਂ, ਅਦਾਲਤਾਂ ਦਾ ਕੰਮ ਪੰਜਾਬੀ ਵਿੱਚ ਯਕੀਨੀ ਬਣਾਉਣ ਤੇ ਪੰਜਾਬੀ ਭਾਸ਼ਾ ਦੇ ਪਸਾਰ ਵਿਰੁੱਧ ਕੰੰਮ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਨਾਲ ਨਿਪਟਣ ਲਈ ਕਾਨੂੰਨ ਬਣਾਉਣ ਲਈ ਮਤਾ ਲਿਆਂਦਾ ਗਿਆ ਹੈ। ਮਾਤ-ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ



ਕਰਨ ਲਈ ਲੋਕ ਮਹੱਤਵ ਦੀ ਹਰ ਜਗਾ 'ਤੇ ਜਾਣਕਾਰੀ ਲਈ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਪੰਜਾਬੀ ਨੂੰ ਪਹਿਲਾ ਸਥਾਨ ਦੇਣ ਲਈ ਜਾਰੀ ਕੀਤੇ ਨੋਟਫਿਕੇਸ਼ਨ ਲਈ ਇਹ ਸਦਨ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ। ਉਨ੍ਹਾਂ ਕਿਹਾ ਕਿ ਗ਼ੈਰ-ਸਰਕਾਰੀ ਅਦਾਰਿਆਂ ਵਿੱਚ ਵੀ ਅਜਿਹਾ ਕਰਨਾ ਲਾਜ਼ਮੀ ਕੀਤਾ ਜਾਵੇ। ਸੂਬੇ ਦੇ ਸਾਰੇ ਸਰਕਾਰੀ ਅਦਾਰਿਆਂ ਵਿੱਚ ਅਫਸਰਾਂ ਤੇ ਬਾਕੀ ਮੁਲਾਜ਼ਮਾਂ ਲਈ ਪੰਜਾਬੀ ਵਿੱਚ ਕੰਮ ਕਰਨਾ ਲਾਜ਼ਮੀ ਕੀਤਾ ਜਾਵੇ। ਤਕਨੀਕੀ ਸਿੱਖਿਆ ਵਿਭਾਗ ਹੇਠ ਚਲਾਏ ਜਾਂਦੇ ਕੋਰਸਾਂ ਦੀਆਂ ਕਿਤਾਬਾਂ ਦਾ ਪੰਜਾਬੀ 'ਚ ਤਰਜਾਮਾ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਦਾ ਦਰਜਾ ਦਿਵਾਉਣ, ਗੁਆਂਢੀ ਰਾਜਾਂ ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਸਰਕਾਰ ਵੱਲੋਂ ਯਤਨ ਕੀਤੇ ਜਾਣਗੇ।

ਚੰਨੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀ ਸਾਰੀ ਕਾਰਵਾਈ ਪੰਜਾਬੀ ਵਿੱਚ ਹੋਣੀ ਚਾਹੀਦੀ ਹੈ। ਵਿਧਾਨ ਸਭਾ ਦੇ ਸਾਰੇ ਨਿਯਮ ਤੇ ਬਿੱਲ ਪੰਜਾਬੀ 'ਚ ਹੋਣੇ ਚਾਹੀਦੇ ਹਨ। ਅਕਾਲੀ ਵਿਧਾਇਕ ਦਲ ਦੇ ਆਗੂ ਸ਼ਰਨਜੀਤ ਸਿੰਘ ਢਿੱਲੋਂ ਨੇ ਮਤੇ ਦੀ ਪ੍ਰੋੜਤਾ ਕਰਨ ਦੇ ਨਾਲ ਕਾਨਵੈਂਟ, ਨਿੱਜੀ ਸਕੂਲਾਂ ਲਈ ਵੀ ਲਾਜ਼ਮੀ ਪੰਜਾਬੀ ਲਾਗੂ ਕਰਨ ਦਾ ਸੁਝਾਅ ਦਿੱਤਾ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਗੁਰਕੀਰਤ ਸਿੰਘ ਕੋਟਲੀ, ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਕੁਲਤਾਰ ਸਿੰਘ ਸੰਧਵਾਂ ਅਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਮਤੇ ਦੀ ਪ੍ਰੋੜਤਾ ਕੀਤੀ। ਚੀਮਾ ਨੇ ਸੁਝਾਅ ਦਿੱਤਾ ਕਿ ਪੰਜਾਬੀ 'ਚ ਕੰਮ ਨਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਣ ਲਈ ਟ੍ਰਿਬਿਊਨਲ ਬਣਾਉਣ ਦੀ ਲੋੜ ਹੈ।

# ਅਕਾਲੀ ਮੇਅਰ ਵੱਲੋਂ ਖ਼ੁਦ ਨੂੰ ਸੰਗਲਾਂ ਨਾਲ ਜਕੜ ਕੇ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ

ਬਠਿੰਡਾ, 3 ਮਾਰਚ (ਪੋਸਟ ਬਿਊਰੋ)- ਅਕਾਲੀ-ਭਾਜਪਾ ਦੇ ਜ਼ੋਰ ਵਾਲੇ ਨਗਰ ਨਿਗਮ ਦੇ ਅਕਾਲੀ ਮੇਅਰ ਨੇ ਅੱਜ ਆਪਣੇ ਆਪ ਨੂੰ ਨਿਤਾਣਾ ਦੱਸ ਕੇ ਵਿੱਤ ਮੰਤਰੀ ਅਤੇ ਬਠਿੰਡਾ ਸ਼ਹਿਰ ਦੇ ਵਿਧਾਇਕ ਮਨਪ੍ਰੀਤ ਸਿੰਘ ਬਾਦਲ ਨੂੰ ਨਿਸ਼ਾਨਾ ਬਣਾ ਕੇ ਕਮਿਸ਼ਨਰ ਨਗਰ ਨਿਗਮ ਦੇ ਦਫ਼ਤਰ ਅੱਗੇ ਖ਼ੁਦ ਨੂੰ ਸੰਗਲਾਂ ਵਿੱਚ ਜਕੜ ਕੇ ਰੋਸ ਪ੍ਰਗਟ ਕੀਤਾ ਹੈ।

ਅਸਲ ਵਿੱਚ ਜਨਰਲ ਹਾਊਸ ਦੀ ਬੈਠਕ ਲਈ ਏਜੰਡਾ ਤਿਆਰ ਕਰਨ ਬਾਰੇ ਐਸਟੀਮੇਟ ਦਿਆਂ ਫਾਈਲਾਂ ਮੇਅਰ ਦੇ ਦਫ਼ਤਰ ਤਕ ਨਾ ਪਹੁੰਚਣ ਦਾ ਦੋਸ਼ ਲਾ ਕੇ ਮੇਅਰ ਤੇ ਅਕਾਲੀ-ਭਾਜਪਾ ਕੌਂਸਲਰਾਂ ਨੇ ਰੋਸ ਪ੍ਰਗਟਾਇਆ ਹੈ। ਰੋਸ ਕਰਦੇ ਹੋਏ ਭਾਜਪਾ ਕੌਂਸਲਰ ਅਤੇ ਡਿਪਟੀ ਮੇਅਰ ਗੁਰਿੰਦਰ ਕੌਰ ਮਾਂਗਟ, ਕੌਂਸਲਰ ਗੁਰਬਚਨ ਖੁੱਭਣ, ਹਰਵਿੰਦਰ ਸ਼ਰਮਾ ਗੰਜੂ, ਹਰਪਾਲ ਸਿੰਘ, ਭਾਜਪਾ ਕੌਂਸਲਰ ਪੰਕਜ ਅਰੋੜਾ, ਅੰਜਨਾ ਰਾਣਾ, ਗੁਰਮੀਤ ਕੌਰ ਅਤੇ ਕੌਂਸਲਰ ਪਰਮਿੰਦਰ ਕੌਰ ਸਿੱਧੂ ਦੇ ਪਤੀ ਬਲਵਿੰਦਰ ਸਿੰਘ, ਨੀਲਮ ਰਾਣੀ ਦੇ ਪਤੀ ਮਿੱਠੂ ਰਾਮ, ਸਾਬਕਾ ਕੌਂਸਲਰ ਵਿਜੇ ਕੁਮਾਰ ਨੇ ਨਾਅਰੇ ਲਾਏ।

ਵਰਨਣ ਯੋਗ ਹੈ ਕਿ 8 ਮਾਰਚ ਨੂੰ ਅਕਾਲੀ-ਭਾਜਪਾ ਕਬਜ਼ੇ ਵਾਲੀ ਨਗਰ ਨਿਗਮ ਦੀ ਮਿਆਦ ਮੁੱਕ ਜਾਣੀ ਹੈ ਤੇ 7 ਅਤੇ 8 ਮਾਰਚ ਦੀ ਛੁੱਟੀ ਹੈ। ਅੱਜ ਮੰਗਲਵਾਰ ਏਜੰਡਾ ਜਾਰੀ ਨਾ ਹੋਣ ਪਿੱਛੋਂ ਹਾਊਸ ਦੀ ਕੋਈ ਬੈਠਕ ਨਹੀਂ ਹੋ ਸਕਣੀ। ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਬਹੁਤੀਆਂ ਫਾਈਲਾਂ ਮੇਅਰ ਕੋਲ ਪੁਚਾਉਣ ਦੀ ਗੱਲ ਕਹਿ ਰਹੇ ਹਨ।

ਸੰਗਲਾਂ ਵਿੱਚ ਜਕੜੇ ਹੋਏ ਮੇਅਰ ਨੂੰ ਲਿਜਾਂਦੇ ਹੋਏ ਅਕਾਲੀ-ਭਾਜਪਾ ਕੌਂਸਲਰਾਂ ਨੇ ਕਾਂਗਰਸ ਤੇ ਨਗਰ ਨਿਗਮ ਦੇ ਅਫਸਰਾਂ ਦੇ ਖ਼ਿਲਾਫ਼ ਨਾਅਰੇ ਲਾਏ। ਇਸ ਮੌਕੇ ਮੇਅਰ ਬਲਵੰਤ ਰਾਏ ਨਾਥ ਨੇ ਅਕਾਲੀ-ਭਾਜਪਾ ਸਰਕਾਰ ਪਿੱਛੋਂ ਕਾਂਗਰਸ ਸਰਕਾਰ ਦੀ ਸੱਤਾ ਆਉਣ ਉਤੇ ਕੋਈ ਸੁਣਵਾਈ ਨਾ ਹੋਣ ਕਾਰਨ ਆਪਣੇ ਆਪ ਨੂੰ ਲਾਚਾਰ ਤੇ ਨਿਤਾਣਾ ਦੱਸਦੇ ਹੋਏ ਰੋਸ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾ ਦਾ ਕਸੂਰ ਹੈ ਕਿ ਇਸ ਸ਼ਹਿਰ ਵਿੱਚ ਅਕਾਲੀ-ਭਾਜਪਾ ਮੇਅਰ ਹੈ, ਇਸ ਲਈ ਕੋਈ ਸੁਣਵਾਈ ਨਹੀਂ ਹੋ ਰਹੀ, ਜਿਸ ਕਾਰਨ ਅੱਜ ਉਹ ਆਪਣੇ ਆਪ ਨੂੰ ਸੰਗਲਾਂ ਵਿੱਚ ਜਕੜੇ ਮੰਨਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਹਾਊਸ ਦੀ ਬੈਠਕ 4 ਫਰਵਰੀ ਨੂੰ ਸੱਦੀ ਜਾਣੀ ਸੀ, ਪਰ ਅਧਿਕਾਰੀਆਂ ਨੇ ਐਸਟੀਮੇਟ ਫਾਈਲਾਂ ਹੀ ਉਨ੍ਹਾਂ ਨੂੰ ਨਹੀਂ ਭੇਜੀਆਂ, ਜਦ ਕਿ ਇਸ ਬਾਰੇ ਚਾਰ ਪੱਤਰ ਉਹ ਵੱਖ-ਵੱਖ ਅਤੇ ਕਮਿਸ਼ਨਰ ਨੂੰ ਲਿਖ ਚੁੱਕੇ ਹਨ।

ਦੂਸਰੇ ਪਾਸੇ ਕਮਿਸ਼ਨਰ ਨਗਰ ਨਿਗਮ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਏਦਾਂ ਕਿਉਂ ਕੀਤਾ ਗਿਆ ਹੈ? ਉਨ੍ਹਾਂ ਨੇ ਫਾਈਲਾਂ ਦੇ ਦਿੱਤੀਆਂ ਹਨ। ਸੋਮਵਾਰ ਨੂੰ 21 ਐਸਟੀਮੇਟ ਫਾਈਲਾਂ ਭੇਜੀਆਂ ਗਈਆਂ ਸਨ, ਇਸ ਤੋਂ ਪਹਿਲਾਂ ਵੀ ਫਾਈਲਾਂ ਭੇਜੀਆਂ ਸਨ। ਉਨ੍ਹਾਂ ਕੋਲ ਸਿਰਫ਼ 15 ਕੁ ਫਾਈਲਾਂ ਸਕਰੂਟਨੀ ਲਈ ਰਹਿ ਗਈਆਂ ਸਨ, ਪਰ ਮੁੱਖ ਫਾਈਲਾਂ ਦਿੱਤੀਆਂ ਜਾ ਚੁੱਕੀਆਂ ਹਨ।

# ਸਾਬਕਾ ਸਰਪੰਚ ਦੇ ਕਤਲ ਤੇ ਕਈ ਹੋਰ ਕੇਸਾਂ ਵਿੱਚ ਤਿੰਨ ਦੋਸ਼ੀਆਂ ਸਮੇਤ ਸੱਤ ਗ੍ਰਿਫਤਾਰ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੁਲਸ ਨੇ ਅੰਮ੍ਰਿਤਸਰ (ਦਿਹਾਤੀ) ਦੇ ਉਮਰਪੁਰਾ ਪਿੰਡ ਦੇ ਸਾਬਕਾ ਸਰਪੰਚ ਗੁਰਦੀਪ ਸਿੰਘ ਦੇ ਕਤਲ ਵਰਗੇ ਕੁਝ ਵੱਡੇ ਅਪਰਾਧਾਂ ਵਿੱਚ ਤਿੰਨ ਖਤਰਨਾਕ ਗੈਂਗਸਟਰਾਂ ਸਮੇਤ ਸੱਤ ਅਪਰਾਧੀਆਂ ਨੂੰ ਗ੍ਰਿਫਤਾਰ ਕਰ ਲੈਣ ਦਾ ਦਾਅਵਾ ਕੀਤਾ ਹੈ।



ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਕੱਲ੍ਹ ਇਥੇ ਦੱਸਿਆ ਕਿ ਪੰਜਾਬ, ਉਤਰਾਖੰਡ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਰਾਜਾਂ ਵਿੱਚ ਇਨ੍ਹਾਂ ਦੇ ਖਿਲਾਫ ਤਲਾਸ਼ ਜਾਰੀ ਸੀ। ਰਾਜਸਥਾਨ ਪੁਲਸ ਨੂੰ ਦਿੱਤੀ ਸੂਚਨਾ ਦੇ ਆਧਾਰ 'ਤੇ ਇਨ੍ਹਾਂ ਤਿੰਨਾਂ ਨੂੰ ਰਾਜਸਥਾਨ ਦੇ ਸੋਜਤ, ਜ਼ਿਲਾ ਪਾਲੀ ਤੋਂ ਗ੍ਰਿਫਤਾਰ ਕੀਤਾ ਗਿਆ। ਇਹ ਅਪਰਾਧੀ ਵੱਖ-ਵੱਖ ਸਥਾਨ ਬਦਲ ਕੇ ਅਤੇ ਅਲੱਗ-ਅਲੱਗ ਨਕਲੀ ਪਛਾਣ ਬਣਾ ਕੇ ਰਹਿ ਰਹੇ ਸਨ। ਗੁਪਤਾ ਨੇ ਕਿਹਾ ਕਿ ਇੱਕ ਹੋਰ ਨਾਮੀ ਗੈਂਗਸਟਰ ਬੁੱਢਾ ਦੀ ਅਰਮੀਨੀਆ ਤੋਂ ਗ੍ਰਿਫਤਾਰੀ ਦੇ ਨਾਲ ਇਨ੍ਹਾਂ ਗ੍ਰਿਫਤਾਰੀਆਂ ਨੇ ਸਾਬਤ ਕੀਤਾ ਹੈ ਕਿ ਪੰਜਾਬ ਪੁਲਸ ਅਤੇ ਓ ਸੀ ਸੀ ਯੂ ਦੇ ਸਖਤ ਅਤੇ ਲਗਾਤਾਰ ਦਬਾਅ ਕਾਰਨ ਵੱਡੀ ਗਿਣਤੀ ਵਿੱਚ ਗੈਂਗਸਟਰ ਤੇ ਅਪਰਾਧੀ ਪੰਜਾਬ ਤੋਂ ਬਾਹਰ ਦੂਸਰੇ ਰਾਜਾਂ ਅਤੇ ਵਿਦੇਸ਼ਾਂ ਵੱਲ ਜਾ ਰਹੇ ਹਨ। ਗ੍ਰਿਫਤਾਰ ਦੋਸ਼ੀਆਂ ਵਿੱਚੋਂ ਤਿੰਨ ਸਭ ਤੋਂ ਵੱਧ ਵਾਂਟਿਡ ਅਪਰਾਧੀਆਂ ਦੀ ਪਛਾਣ ਹਰਮਨ ਭੁੱਲਰ ਵਾਸੀ ਉਮਰਪੁਰਾ, ਅੰਮ੍ਰਿਤਸਰ, ਬਲਰਾਜ ਸਿੰਘ ਉਰਫ ਬੁਰੀ ਬਸੰਤਕੋਟੀਆ ਵਾਸੀ ਬਸੰਤਕੋਟ, ਗੁਰਦਾਸਪੁਰ ਅਤੇ ਹਰਵਿੰਦਰ ਸੰਧੂ ਵਾਸੀ ਪੰਡੋਰੀ ਵੜੈਚ ਅੰਮ੍ਰਿਤਸਰ ਵਜੋਂ ਹੋਈ ਹੈ। ਇਹ ਸਾਰੇ ਜਣੇ ਅਮਰੀਕਾ ਵਿੱਚ ਰਹਿੰਦੇ ਗੈਂਗਸਟਰ ਪਵਿੱਤਰ ਸਿੰਘ ਵੱਲੋਂ ਚਲਾਏ ਜਾਂਦੇ ਗਿਰੋਹ ਦੇ ਮੈਂਬਰ ਸਨ। ਇਨ੍ਹਾਂ ਦੇ ਕਬਜ਼ੇ ਵਿੱਚੋਂ ਪੁਲਸ ਨੇ ਇੱਕ 30 ਬੋਰ ਦੀ ਪਿਸਤੌਲ, ਦੋ 31 ਬੋਰ ਪਿਸਤੌਲ, ਇੱਕ ਸਪਰਿੰਗਫੀਲਡ ਰਾਈਫਲ ਅਤੇ 18 ਕਾਰਤੂਸ, ਚਾਲੀ ਜ਼ਿੰਦਾ ਕਾਰਤੂਸਾਂ ਸਮੇਤ 12 ਬੋਰ ਗੰਨ, ਦੋ 315 ਬੋਰ ਪਿਸਤੌਲ, ਦੋ ਕਾਰਾਂ (ਇੱਕ ਆਈ 20 ਤੇ ਇੱਕ ਸਵਿਫਟ) ਅਤੇ ਤਿੰਨ ਨਕਲੀ ਆਧਾਰ ਕਾਰਡ ਜ਼ਬਤ ਕੀਤੇ ਹਨ। ਡੀ ਜੀ ਪੀ ਨੇ ਦੱਸਿਆ ਕਿ ਪਵਿੱਤਰ ਸਿੰਘ ਪੁੱਤਰ ਸਿਕੰਦਰ ਸਿੰਘ ਵਾਸੀ ਚੌੜੇ, ਥਾਣਾ ਘੁਮਾਣ ਜ਼ਿਲਾ ਗੁਰਦਾਸਪੁਰ ਚੌੜਾ ਮਧਰਾ ਗੈਂਗ ਦੀ ਅਗਵਾਈ ਕਰਦਾ ਸੀ। ਪਵਿੱਤਰ ਸਿੰਘ ਦਾ ਇਸ ਸਮੇਂ ਅਮਰੀਕਾ ਵਿੱਚ ਹੋਣ ਦਾ ਸ਼ੱਕ ਹੈ। ਹੁਸਨਦੀਪ ਉਰਫ ਹੁਸਨਾ ਵਾਸੀ ਸ਼ਾਹਬਾਦ, ਥਾਣਾ ਰੰਘਰ ਨੰਗਲ ਪਵਿੱਤਰ ਸਿੰਘ ਦਾ ਨਜ਼ਦੀਕੀ ਸਾਥੀ ਹੈ ਤੇ ਉਹ ਵੀ ਅਮਰੀਕਾ ਵਿੱਚ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪੂਰਾ ਗਿਰੋਹ ਬਲਾਤਕਾਰ, ਕਤਲ ਦੀ ਕੋਸ਼ਿਸ਼, ਕਤਲ, ਦੰਗਿਆਂ ਦੇ ਕਈ ਕੇਸਾਂ ਵਿੱਚ ਸ਼ਾਮਲ ਹੈ। ਹਰਮਨ ਭੁੱਲਰ, ਬਲਰਾਜ ਸਿੰਘ ਉਰਫ ਬੁਰੀ ਅਤੇ ਹਰਵਿੰਦਰ ਸੰਧੂ ਨੇ ਮੰਗਲ ਸਿੰਘ, ਰਾਮ ਦੇਵ ਅਤੇ ਮੋਹਿੰਦਰ ਸਿੰਘ ਦੇ ਨਾਂਅ 'ਤੇ ਨਕਲੀ ਆਧਾਰ ਕਾਰਡ ਬਣਵਾਏ ਸਨ। ਹਰਮਨ ਭੁੱਲਰ ਨੇ ਹਰਮਨ ਸਿੰਘ ਦੇ ਨਾਂਅ 'ਤੇ ਖੇਤਰੀ ਪਾਸਪੋਰਟ ਦਫਤਰ, ਅੰਬਾਲਾ ਤੋਂ ਕੁਰੂਕਸ਼ੇਤਰ, ਪਿਹੋਵਾ ਦੇ ਨਕਲੀ ਪਤੇ ਤੋਂ ਆਪਣਾ ਨਕਲੀ ਪਾਸ-ਪੋਰਟ ਬਣਾਉਣ ਵਿੱਚ ਵੀ ਸਫਲਤਾ ਹਾਸਲ ਕੀਤੀ ਸੀ।

ਪਿੰਡ ਅਮਰਪੁਰਾ ਦੇ 55 ਸਾਲਾ ਸਾਬਕਾ ਸਰਪੰਚ ਗੁਰਦੀਪ ਸਿੰਘ ਨੂੰ ਹਰਮਨ ਭੁੱਲਰ ਦੇ ਸਾਥੀ ਹਮਲਾਵਰਾਂ ਦੇ ਗਰੁੱਪ ਨੇ ਉਸ ਸਮੇਂ 'ਤੇ ਗੋਲੀ ਮਾਰ ਦਿੱਤੀ ਸੀ, ਜਦ ਇਹ ਇੱਕ ਜਨਵਰੀ 2020 ਨੂੰ ਪਿੰਡ ਗੁਰਦੁਆਰੇ ਤੋਂ ਘਰ ਮੁੜ ਰਿਹਾ ਸੀ। ਪਵਿੱਤਰ ਗੈਂਗ ਦੇ ਮੈਂਬਰ ਹਰਵਿੰ-ਦਰ ਸੰਧੂ ਨੇ ਨਿੱਜੀ ਦੁਸ਼ਮਣੀ ਕਾਰਨ ਪਿੰਡ ਪੰਡੋਰੀ ਵੜੈਚ ਅੰਮ੍ਰਿਤਸਰ ਦੇ 26 ਸਾਲਾ ਮਨਦੀਪ ਸਿੰਘ ਦੀ ਹੱਤਿਆ ਦੀ ਜ਼ਿੰਮੇਵਾਰੀ ਵੀ ਲਈ ਸੀ।

# ਕੋਰੋਨਾ ਨਾਲ ਨਿਪਟਣ ਲਈ 'ਫਲੂ ਕਾਰਨਰ' ਬਣਨਗੇ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਪੀੜਤ ਮਰੀਜ਼ ਦੀ ਦਿੱਲੀ 'ਚ ਸ਼ਨਾਖ਼ਤ ਹੋਣ ਤੋਂ ਬਾਅਦ ਪੰਜਾਬ ਸਰਕਾਰ ਨੇ ਹਰਕਤ 'ਚ ਆਉਂਦਿਆਂ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ 'ਫਲੂ ਕਾਰਨਰ' ਸਥਾਪਤ ਕਰਨ ਸਮੇਤ ਹੰਗਾਮੀ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਇਹ 'ਫਲੂ ਕਾਰਨਰ' ਸਾਹ ਨਾਲ ਸਬੰਧਿਤ ਇਨਫੈਕਸ਼ਨ ਦੇ ਸਾਰੇ ਸ਼ੱਕੀ ਕੇਸਾਂ ਦੀ ਛੇਤੀ ਤੋਂ ਛੇਤੀ ਜਾਂਚ ਕਰਨਗੇ ਅਤੇ ਅਜਿਹੇ ਸ਼ੱਕੀ ਵਿਅਕਤੀਆਂ ਦੇ ਤੁਰਨ-ਫਿਰਨ ਨੂੰ ਸੀਮਤ ਕਰਨ ਨੂੰ ਯਕੀਨੀ ਬਣਾਉਣਗੇ ਤਾਂ ਕਿ ਇਸ ਰੋਗ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਪੰਜਾਬ 'ਚ ਕਿਸੇ ਵੀ ਪ੍ਰਾਈਵੇਟ ਲੈਬਾਰਟਰੀ ਨੂੰ ਕੋਵਿਡ-19 ਦਾ ਟੈਸਟ ਕਰਨ ਜਾਂ ਸੈਂਪਲ ਲੈਣ ਲਈ ਅਧਿਕਾਰਤ ਨਹੀਂ ਕੀਤਾ ਗਿਆ। ਕੋਈ ਵਿਅਕਤੀ ਜਾਂ ਸੰਸਥਾ ਸਿਹਤ ਵਿਭਾਗ ਦੀ ਅਗਾਊਂ ਪ੍ਰਵਾਨਗੀ ਬਿਨਾਂ ਕੋਵਿਡ-19 ਬਾਰੇ ਕਿਸੇ ਤਰ੍ਹਾਂ ਦੀ ਜਾਣਕਾਰੀ ਦੇਣ ਲਈ ਕਿਸੇ ਵੀ ਰੂਪ ਵਿੱਚ ਪ੍ਰਿੰਟ ਜਾਂ ਹੋਰ ਮੀਡੀਆ ਨਹੀਂ ਵਰਤੇਗੀ। ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਨੋਟੀਫਿਕੇਸ਼ਨ ਮੁਤਾਬਕ ਕੋਵਿਡ-19 ਬਾਰੇ ਕਿਸੇ ਤਰ੍ਹਾਂ ਦੀ ਅਫ਼ਵਾਹ ਜਾਂ



ਗ਼ੈਰ-ਵਿਗਿਆਨਕ ਜਾਣਕਾਰੀ ਦੇਣਾ ਸਜ਼ਾ ਯੋਗ ਅਪਰਾਧ ਹੋਵੇਗਾ। ਸਰਕਾਰ ਨੇ ਸਾਰੇ ਹਸਪਤਾਲਾਂ ਨੂੰ ਹਦਾਇਤ ਕੀਤੀ ਹੈ ਕਿ ਸ਼ੱਕੀ ਵਿਅਕਤੀ ਦੇ ਕਿਸੇ ਅਜਿਹੇ ਮੁਲਕ ਜਾਂ ਇਲਾਕੇ, ਜਿੱਥੇ ਇਸ ਰੋਗ ਦੇ ਫੈਲਣ ਦੀਆਂ ਰਿਪੋਰਟਾਂ ਹਨ, ਦੀ ਯਾਤਰਾ ਬਾਰੇ ਪਤਾ ਲਾਇਆ ਜਾਵੇ ਤੇ ਜੇ ਉਹ ਕੋਵਿਡ-19 ਦੇ ਸ਼ੱਕੀ ਜਾਂ ਪੁਸ਼ਟੀ ਹੋ ਚੁੱਕੇ ਕੇਸ ਦੇ ਸੰਪਰਕ ਵਿੱਚ ਆਇਆ ਹੈ ਤਾਂ ਉਸ ਬਾਰੇ ਵੀ ਵਿਸਥਾਰ 'ਚ ਜਾਣਕਾਰੀ ਇਕੱਤਰ ਕੀਤੀ ਜਾਵੇ। ਜੇ ਕਿਸੇ ਵਿਅਕਤੀ ਨੇ ਪਿਛਲੇ 14 ਦਿਨਾਂ ਦੌਰਾਨ ਕੋਵਿਡ-19 ਤੋਂ ਪ੍ਰਭਾਵਿਤ ਖੇਤਰ ਦੀ ਯਾਤਰਾ ਕੀਤੀ ਹੈ ਜਾਂ ਕਿਸੇ ਪ੍ਰਭਾਵਿਤ ਵਿਅਕਤੀ ਦੇ ਸੰਪਰਕ ਵਿੱਚ ਆਇਆ ਹੈ ਤਾਂ ਉਸ ਵਿਅਕਤੀ ਨੂੰ ਹਸਪਤਾਲ ਵਿੱਚ ਰੱਖਿਆ ਜਾਵੇਗਾ ਅਤੇ ਉਹ ਡਾਕਟਰ/ ਹਸਪਤਾਲ/ ਕਲੀਨਿਕ ਸਿਹਤ ਵਿਭਾਗ ਨੂੰ ਤੁਰੰਤ ਸੂਚਿਤ ਕਰੇਗਾ।

# ਪਤਨੀ ਉੱਤੇ ਗੋਲੀ ਚਲਾਉਣ ਵਾਲੇ ਡੀ ਐਸ ਪੀ ਅਤੁਲ ਸੋਨੀ ਵੱਲੋਂ ਸਮਰਪਣ



ਐਸ ਏ ਐਸ ਨਗਰ, 3 ਮਾਰਚ (ਪੋਸਟ ਬਿਊਰੋ)- ਘਰੇਲੂ ਝਗੜੇ ਵਿੱਚ ਆਪਣੀ ਪਤਨੀ 'ਤੇ ਫਾਇਰਿੰਗ ਕਰਨ ਦੇ ਦੋਸ਼ਾਂ ਵਿੱਚ ਫਸੇ ਪੰਜਾਬ ਪੁਲਸ ਦੇ ਸਸਪੈਂਡਿਡ ਡੀ ਐਸ ਪੀ ਅਤੁਲ ਸੋਨੀ ਨੇ ਕੱਲ੍ਹ ਸ਼ਾਮ ਮੁਹਾਲੀ ਅਦਾਲਤ ਵਿੱਚ ਸਮਰਪਣ ਕਰ ਦਿੱਤਾ। ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਲਈ ਰੂਪਨਗਰ ਜੇਲ੍ਹ ਭੇਜ ਦਿੱਤਾ ਹੈ।

ਡੀ ਐਸ ਪੀ ਸੋਨੀ ਦੇ ਖ਼ਿਲਾਫ਼ ਉਸ ਦੀ ਪਤਨੀ ਸੁਨੀਤਾ ਸੋਨੀ ਦੀ ਸ਼ਿਕਾਇਤ 'ਤੇ ਬੀਤੀ 19 ਜਨਵਰੀ ਨੂੰ ਸੈਂਟਰਲ ਥਾਣਾ ਫੇਜ਼-8 ਵਿੱਚ ਧਾਰਾ 307, 323, 498ਏ ਅਤੇ ਅਸਲਾ ਐਕਟ ਦਾ ਕੇਸ ਦਰਜ ਹੋਇਆ ਸੀ। ਉਸੇ ਦਿਨ ਤੋਂ ਸੋਨੀ ਫ਼ਰਾਰ ਸੀ। ਜਾਂਚ ਅਧਿਕਾਰੀ ਦੀ ਅਪੀਲ 'ਤੇ ਮੁਹਾਲੀ ਦੀ ਅਦਾਲਤ ਨੇ ਬੀਤੀ ਪੰਜ ਫਰਵਰੀ ਨੂੰ ਉਸ ਦੇ ਗ਼ੈਰ-ਜ਼ਮਾਨਤੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਸਨ ਪਰ ਪੁਲਸ ਉਸ ਨੂੰ ਫੜ ਨਹੀਂ ਸੀ ਸਕੀ। ਡੀ ਐਸ ਪੀ ਸੋਨੀ ਨੇ ਸਥਾਨਕ ਪੁਲਸ ਨੂੰ ਝਕਾਨੀ ਦੇ ਕੇ ਕੱਲ੍ਹ ਸ਼ਾਮ ਇਲਾਕਾ ਮੈਜਿਸਟਰੇਟ ਰੁਚੀ ਸਵੱਪਨ ਸ਼ਰਮਾ ਦੀ ਅਦਾਲਤ ਵਿੱਚ ਸਮਰਪਣ ਕਰ ਦਿੱਤਾ। ਇਸ ਦੀ ਸੂਚਨਾ ਮਿਲਦਿਆਂ ਸਾਰ ਥਾਣਾ ਫੇਜ਼-8 ਦੇ ਐਸ ਐਚ ਓ ਰਜਨੀਸ਼ ਚੌਧਰੀ ਅਦਾਲਤ ਵਿੱਚ ਪੁੱਜ ਗਏ। ਉਨ੍ਹਾ ਡੀ ਐਸ ਪੀ ਦਾ ਪੁਲਸ ਰਿਮਾਂਡ ਮੰਗਿਆ ਸੀ ਪਰ ਬਚਾਅ ਪੱਖੋਂ ਸਮਰਪਣ ਦੀ ਅਰਜ਼ੀ ਦੇਣ ਕਾਰਨ ਅਦਾਲਤ ਨੇ ਉਸ ਨੂੰ ਜੁਡੀਸ਼ਲ ਹਿਰਾਸਤ ਲਈ ਰੂਪਨਗਰ ਜੇਲ੍ਹ ਭੇਜ ਦਿੱਤਾ।






# ਪੰਜਾਬ ਵਿਧਾਨ ਸਭਾ ਵਿੱਚ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਲਈ ਨਿਯਮ ਪਾਸ

## * ਆਮ ਆਦਮੀ ਪਾਰਟੀ ਦੇ ਬਾਗੀਆਂ ਖਿਲਾਫ ਕਾਰਵਾਈ ਦਾ ਰਾਹ ਪੱਧਰਾ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਸਪੀਕਰ ਵੱਲੋਂ ਕੱਲ੍ਹ ਦਿ ਪੰਜਾਬ ਲੈਜਿਸਲੇਟਿਵ ਅਸੈਂਬਲੀ (ਡਿਸਕੁਆਲੀਫੀਕੇਸ਼ਨ ਆਫ ਮੈਂਬਰਜ਼ ਆਨ ਗਰਾਊਂਡ ਆਫ ਡਿਫੈਕਸ਼ਨ) ਰੂਲਜ਼ 2020 ਪੇਸ਼ ਕੀਤਾ ਗਿਆ ਅਤੇ ਸਦਨ ਨੇ ਇਸ ਨੂੰ ਪਾਸ ਕਰ ਦਿੱਤਾ। ਇਹ ਰੂਲ ਪਾਸ ਹੋਣ ਨਾਲ ਆਮ ਆਦਮੀ ਪਾਰਟੀ ਤੋਂ ਦਲ ਬਦਲ ਕੇ ਹੋਰ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜਨ ਅਤੇ ਦੂਜੀ ਪਾਰਟੀ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚਾਰ ਵਿਧਾਇਕਾਂ ਉਤੇ ਕਾਰਵਾਈ ਕਰਨ ਦੇ ਲਈ ਰਾਹ ਪੱਧਰਾ ਹੋ ਗਿਆ ਹੈ।



ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਪਾਰਟੀ ਤੋਂ ਬਾਗੀ ਹੋ ਕੇ ਨਵੀਂ 'ਪੰਜਾਬੀ ਏਕਤਾ ਪਾਰਟੀ' ਬਣਾਈ ਤੇ ਇਸ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਅਤੇ ਮਾਸਟਰ ਬਲਦੇਵ ਸਿੰਘ ਜੈਤੋ ਨੇ ਲੋਕ ਸਭਾ ਦੀਆਂ ਚੋਣਾਂ ਲੜੀਆਂ ਸਨ, ਜਦ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਪਾਰਟੀ ਦੇ ਦੋ ਹੋਰ ਵਿਧਾਇਕਾਂ ਨਾਜਰ ਸਿੰਘ ਮਾਨਸ਼ਾਹੀਆ ਅਤੇ ਅਮਰਜੀਤ ਸਿੰਘ ਸੰਦੋਆ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਇਨ੍ਹਾਂ ਚਾਰ ਵਿਧਾਇਕਾਂ ਦੇ ਖਿਲਾਫ ਆਮ ਆਦਮੀ ਪਾਰਟੀ ਤੇ ਹੋਰ ਸ਼ਿਕਾਇਤ ਕਰਤਾਵਾਂ ਨੇ ਸਪੀਕਰ ਕੋਲ ਸੰਵਿਧਾਨ ਦੇ 10ਵੇਂ ਸ਼ਡਿਊਲ ਦੇ ਤਹਿਤ 'ਦਲ ਬਦਲ' ਦੇ ਕਾਰਨ ਅਯੋਗ ਠਹਿਰਾਏ ਜਾਣ ਦੀ ਕਾਰਵਾਈ ਦੀ ਅਰਜ਼ੀ ਪੇਸ਼ ਕੀਤੀ ਸੀ। ਇਨ੍ਹਾਂ ਕੇਸਾਂ ਦੀ ਸੁਣਵਾਈ ਦੌਰਾਨ ਦਸੰਬਰ ਵਿੱਚ ਸੁਖਪਾਲ ਸਿੰਘ ਖਹਿਰਾ ਤੇ ਅਮਰਜੀਤ ਸਿੰਘ ਸੰਦੋਆ ਨੇ ਆਪਣਾ ਪੱਖ ਰੱਖਣ ਲਈ ਸਪੀਕਰ ਤੋਂ ਉਨ੍ਹਾਂ ਨਿਯਮਾਂ ਦੀ ਕਾਪੀ ਦੇਣ ਦੀ ਮੰਗ ਕੀਤੀ ਸੀ, ਜਿਨ੍ਹਾਂ ਤਹਿਤ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਪਤਾ ਲੱਗਾ ਕਿ ਪੰਜਾਬ ਵਿਧਾਨ ਸਭਾ ਨੇ ਇਸ ਸੰਬੰਧੀ ਕਦੇ ਨਿਯਮਾਂ ਨੂੰ ਪਾਸ ਹੀ ਨਹੀਂ ਕੀਤਾ, ਜੋ ਕਿ ਅਜਿਹੇ ਕੇਸਾਂ ਵਿੱਚ ਕਾਰਵਾਈ ਕਰਨ ਲਈ ਪਾਸ ਕੀਤਾ ਹੋਣਾ ਜ਼ਰੂਰੀ ਸੀ।






## ਦੋ ਰੋਹਿੰਗਿਆ ਔਰਤਾਂ ਹਿੰਦੂ ਨਾਂ ਰੱਖ ਕੇ ਵਿਦੇਸ਼ ਨੂੰ ਜਾਣ ਲੱਗੀਆਂ ਗ੍ਰਿਫ਼ਤਾਰ



ਕੋਲਕਾਤਾ, 3 ਮਾਰਚ (ਪੋਸਟ ਬਿਊਰੋ)- ਫਰਜ਼ੀ ਪਾਸਪੋਰਟ ਨਾਲ ਦੋ ਰੋਹਿੰਗਿਆ ਔਰਤਾਂ ਨੂੰ ਹਿੰਦੂ ਨਾਂ ਰੱਖ ਕੇ ਵਿਦੇਸ਼ ਨੂੰ ਜਾਂਦੇ ਸਮੇਂ ਕੋਲਕਾਤਾ ਦੇ ਦਮਦਮ ਵਾਲੇ ਨੇਤਾਜੀ ਸੁਭਾਸ਼ ਚੰਦਰ ਬੋਸ ਅੰਤਰਰਾਸ਼ਟਰੀ ਏਅਰਪੋਰਟ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਇਮੀਗਰੇਸ਼ਨ ਵਿਭਾਗ ਦੇ ਅਧਿਕਾਰੀਆਂ ਨੇ ਕੱਲ੍ਹ ਦੀ ਅੱਧੀ ਰਾਤ ਨੂੰ ਬੈਂਕਾਕ ਜਾਣ ਵਾਲੇ ਜਹਾਜ਼ 'ਚ ਸਵਾਰ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

ਕੱਲ੍ਹ ਰਾਤ ਲਗਭਗ 12.50 ਵਜੇ ਕੋਲਕਾਤਾ ਤੋਂ ਬੈਂਕਾਕ ਚੱਲੀ ਥਾਈ ਏਅਰਵੇਜ਼ ਫਲਾਈਟ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਇੱਕ ਔਰਤ ਦਾ ਨਾਂ ਰੀਨਾ ਸਾਹਾ ਅਤੇ ਦੂਜੀ ਦਾ ਨਾਂ ਤਾਨਿਆ ਬਿਸਵਾਸ ਹੈ। ਦਸਤਾਵੇਜ਼ ਦੀ ਸਾਵਧਾਨੀ ਨਾਲ ਜਾਂਚ ਦੇ ਬਾਅਦ ਪਤਾ ਲੱਗਾ ਕਿ ਇਹ ਦੋਵੇਂ ਪਾਸਪੋਰਟ ਫਰਜ਼ੀ ਹਨ। ਤਾਨੀਆ ਦਾ ਅਸਲੀ ਨਾਂ ਤਸਲੀਮਾ ਹੈ ਤੇ ਦੂਜੀ ਰੀਨਾ ਦਾ ਨਾਂ ਰੁਸਖਾਨਾ ਅਖ਼ਤਰ ਹੈ। ਦੋਵੇਂ ਮਿਆਂਮਾਰ ਦੇ ਤੰਗਸੁਰੀਆ ਦੇ ਰਹਿਣ ਵਾਲੇ ਹਨ। ਉਨ੍ਹਾਂ ਤੋਂ ਪੁੱਛਗਿੱਛ ਕਰਨ ਦੇ ਬਾਅਦ ਇਮੀਗਰੇਸ਼ਨ ਵਿਭਾਗ ਨੇ ਦੋਵਾਂ ਨੂੰ ਐਨ ਐਸ ਸੀ ਬੀ ਆਈ ਥਾਣੇ ਦੀ ਪੁਲਸ ਨੂੰ ਸੌਂਪ ਦਿੱਤਾ। ਪੁਲਸ ਸੂਤਰਾਂ ਦੇ ਮੁਤਾਬਕ ਦੋਵੇਂ ਔਰਤਾਂ ਦੇ ਪਾਸਪੋਰਟ ਉੱਤੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਬੰਗਲਾਦੇਸ਼ ਦੀ ਸਰਹੱਦ ਨਾਲ ਦੇ ਹਾਬਰਾ ਫੁਲਤੱਲਾ ਦਾ ਪਤਾ ਹੈ। ਉਨ੍ਹਾਂ ਨੇ ਭਾਰਤੀ ਪਾਸਪੋਰਟ ਕਿਵੇਂ ਬਣਾਇਆ, ਕੀ ਉਨ੍ਹਾਂ ਨਾਲ ਹੋਰ ਵੀ ਰੋਹਿੰਗਿਆ ਹਨ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਲਈ ਦੋਵਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਦੇ ਇਲਾਵਾ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਕਿਤੇ ਇਸ ਮਾਮਲੇ ਦੇ ਤਾਰ ਕਿਸੇ ਵੱਡੇ ਰੈਕਟ ਨਾਲ ਤਾਂ ਨਹੀਂ ਜੁੜੇ। ਸੂਤਰਾਂ ਮੁਤਾਬਕ ਕੁਝ ਦਿਨ ਪਹਿਲਾਂ ਬੰਗਲਾ ਦੇਸ਼ ਤੋਂ ਲਗੱਭਗ 30 ਰੋਹਿੰਗਿਆਵਾਂ ਦਾ ਇੱਕ ਗਰੁੱਪ ਭਾਰਤ ਆਇਆ ਸੀ। ਉਨ੍ਹਾਂ ਦੇ ਉੱਤਰੀ 24 ਪਰਗਾਨਾ 'ਚ ਘੋਜਾਡਾਂਗਾ ਸਰਹੱਦ ਰਾਹੀਂ ਭਾਰਤ 'ਚ ਆਉਣ ਦੀ ਸੂਚਨਾ ਹੈ। ਉਥੇ ਘੁਸਪੈਠੀਏ ਵੱਖ-ਵੱਖ ਦਲਾਲਾਂ ਰਾਹੀਂ ਭਾਰਤੀ ਫਰਜ਼ੀ ਪਾਸਪੋਰਟ ਦਾ ਜੁਗਾੜ ਕਰ ਲੈਂਦੇ ਹਨ ਤੇ ਸ਼ੱਕ ਤੋਂ ਬਚਣ ਲਈ ਹਿੰਦੂ ਦੇ ਨਾਂ ਰੱਖ ਲਿਆ ਜਾਂਦਾ ਹੈ। ਇਨ੍ਹਾਂ ਦੋਵੇਂ ਔਰਤਾਂ ਦਾ ਭਾਰਤ ਤੋਂ ਇੰਡੋਨੇਸ਼ੀਆ ਜਾਣ ਦੀ ਯੋਜਨਾ ਸੀ, ਕਿਉਂਕਿ ਉਨ੍ਹਾਂ 'ਚੋਂ ਇੱਕ ਦਾ ਪਤੀ ਉਸੇ ਦੇਸ਼ ਵਿੱਚ ਕੰਮ ਕਰਦਾ ਹੈ, ਪਰ ਖ਼ੁਫੀਆ ਵਿਭਾਗ ਲਈ ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਇਹ ਹੈ ਕਿ ਹੋਰ 28 ਰੋਹਿੰਗਿਆ ਆਖਰ ਹਨ ਕਿੱਥੇ?

# ਕੋਰੋਨਾ ਵਾਇਰਸ ਭਾਰਤ ਪਹੁੰਚਿਆ, 11 ਦੇਸ਼ਾਂ ਦੀ ਯਾਤਰਾ ਰੋਕੀ ਜਾਵੇਗੀ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਦੋ ਨਵੇਂ ਕੇਸ ਪਤਾ ਲੱਗਣ ਨਾਲ ਹਲਚਲ ਮੱਚ ਗਈ ਹੈ। ਇਹ ਕੇਸ ਦਿੱਲੀ ਤੇ ਤੇਲੰਗਾਨਾ ਵਿੱਚ ਪਤਾ ਲੱਗੇ ਹਨ। ਦਿੱਲੀ ਵਿੱਚ ਕੋਰੋਨਾ ਪੌਜ਼ੀਟਿਵ ਨਿਕਲੇ ਵਿਅਕਤੀ ਨੇ ਇਟਲੀ ਅਤੇ ਬ੍ਰਿਟੇਨ ਤੋਂ ਯਾਤਰਾ ਕੀਤੀ ਹੈ। ਦੂਜਾ ਵਿਅਕਤੀ ਦੁਲਗਾਨ ਤੋਂ ਤੇਲੰਗਾਨਾ ਵਿੱਚ ਵਾਪਸ ਆਇਆ ਹੈ। ਇਸ ਸਥਿਤੀ ਵਿੱਚ ਜੇ ਸਾਵਧਾਨੀਆਂ ਨਾ ਵਰਤੀਆਂ ਤਾਂ ਅਗਲੇ ਸਮੇਂ ਵਿੱਚ ਸਥਿਤੀ ਗੰਭੀਰ ਹੋ ਸਕਦੀ ਹੈ।

ਵਰਨਣ ਯੋਗ ਹੈ ਕਿ ਦੁਨੀਆ ਦੇ 67 ਦੇਸ਼ਾਂ ਵਿੱਚ ਕੋਰੋਨਾ ਵਾਇਰਸ ਦੇ ਕੇਸ ਪਤਾ ਲੱਗੇ ਹਨ। ਇਨ੍ਹਾਂ ਵਿੱਚੋਂ 11 ਦੇਸ਼ਾਂ ਵਿੱਚ ਕੋਰੋਨਾ ਵਾਇਰਸ ਨਾਲ ਕਈ ਮੌਤਾਂ ਹੋਈਆਂ ਹਨ। ਸਮਝਿਆ ਜਾਂਦਾ ਹੈ ਕਿ ਚੀਨ, ਇਰਾਨ, ਇਟਲੀ, ਦੱਖਣੀ ਕੋਰੀਆ ਦੀ ਯਾਤਰਾ ਕਰਨਾ



ਖਤਰਨਾਕ ਹੈ। ਇੱਥੇ ਯਾਤਰਾ ਨਾ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ। ਜਾਪਾਨ ਤੇ ਹਾਂਗਕਾਂਗ ਦੀ ਯਾਤਰਾ ਤੋਂ ਪਹਿਲਾਂ ਵਿਚਾਰ ਕਰਨ ਦੀਆਂ ਹਦਾਇਤਾਂ ਜਾਰੀ ਹੋਈਆਂ ਹਨ। ਇਸ ਤੋਂ ਬਿਨਾ ਲਗਪਗ 30 ਦੇਸ਼ਾਂ ਵਿੱਚ ਸਾਵਧਾਨੀ ਨਾਲ ਯਾਤਰਾ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਦੇ ਬਾਵਜੂਦ ਭਾਰਤ ਸਰਕਾਰ ਨੇ ਹਾਲੇ ਤੱਕ ਸਿਰਫ ਦੋ ਦੇਸ਼ਾਂ ਵਿੱਚ ਹਵਾਈ ਯਾਤਰਾ ਉੱਤੇ ਪੂਰੀ ਪਾਬੰਦੀ ਲਾਈ ਹੈ। ਇਹ ਦੇਸ਼ ਚੀਨ ਤੇ ਇਰਾਨ ਹਨ। ਇਸ ਸਥਿਤੀ ਵਿੱਚ ਮੋਦੀ ਸਰਕਾਰ ਨੇ ਜਲਦੀ ਹੀ 15 ਵੱਧ ਖਤਰੇ ਵਾਲੇ ਦੇਸ਼ਾਂ ਦੇ ਯਾਤਰੀਆਂ ਦੇ ਈ-ਵੀਜ਼ਾ ਉੱਤੇ ਪਾਬੰਦੀ ਲਾਉਣ ਦੇ ਬਾਰੇ ਸੋਚਿਆ ਹੈ। ਸਿਵਲ ਐਵੀਏਸ਼ਨ ਦੇ ਡਿਪਟੀ ਡਾਇਰੈਕਟਰ ਸੁਨੀਲ ਕੁਮਾਰ ਨੇ ਐਡਵਾਈਜ਼ਰੀ ਜਾਰੀ ਕਰ ਕੇ ਦੇਸ਼ ਦੇ ਸਾਰੇ ਹਵਾਈ ਅੱਡਿਆਂ ਨੂੰ ਇਟਲੀ, ਇਰਾਨ, ਚੀਨ, ਜਾਪਾਨ, ਵੀਅਤਨਾਮ, ਦੱਖਣੀ ਕੋਰੀਆ, ਹਾਂਗ ਕਾਂਗ, ਨੇਪਾਲ, ਮਲੇਸ਼ੀਆ, ਸਿੰਗਾਪੁਰ, ਇੰਡੋਨੇਸ਼ੀਆ ਤੇ ਥਾਈਲੈਂਡ ਤੋਂ ਆਉਂਦੇ ਯਾਤਰੀਆਂ ਦੀ ਸਕ੍ਰੀਨਿੰਗ ਦੀ ਹਦਾਇਤ ਕਰ ਦਿੱਤੀ ਹੈ। ਇਹ ਹਦਾਇਤ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜਾਰੀ ਕੀਤੀ ਗਈ ਹੈ, ਤਾਂ ਜੋ ਕੋਰੋਨ ਵਾਇਰਸ ਨੂੰ ਰੋਕਿਆ ਜਾ ਸਕੇ। ਭਾਰਤ ਸਰਕਾਰ ਦੀ ਟਰੈਵਲ ਐਡਵਾਈਜ਼ਰੀ ਮੁਤਾਬਕ ਮੌਜੂਦਾ ਵੀਜ਼ਾ ਅਤੇ ਈ-ਵੀਜ਼ਾ ਸਿਰਫ ਚੀਨ ਤੇ ਇਰਾਨ ਲਈ ਸਸਪੈਂਡ ਰਹਿਣਗੇ। ਇਸ ਤੋਂ ਬਿਨਾ ਸਰਕਾਰ ਨੇ ਹਦਾਇਤ ਕੀਤੀ ਹੈ ਕਿ ਚੀਨ, ਇਰਾਨ ਤੇ ਕੋਰੀਆ, ਸਿੰਗਾਪੁਰ ਤੇ ਇਟਲੀ ਦੀ ਬੇਲੋੜੀ ਯਾਤਰਾ ਨਾ ਕੀਤੀ ਜਾਵੇ।

## ਦਿੱਲੀ ਦੰਗਿਆਂ ਬਾਰੇ ਮੋਦੀ-ਕੇਜਰੀਵਾਲ ਮੁਲਾਕਾਤ



ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਪਾਰਲੀਮੈਂਟ ਭਵਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕ-ਾਤ ਕੀਤੀ। ਵਰਨਣ ਯੋਗ ਹੈ ਕਿ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਇਹ ਮੁਲਾਕਾਤ ਅਜਿਹੇ ਸਮੇਂ ਕੀਤੀ ਹੈ ਜਦੋਂ ਪਿਛਲੇ ਦਿਨੀਂ ਦਿੱਲੀ ਵਿੱਚ ਭਾਰੀ ਹਿੰਸਾ ਫੈਲ ਗਈ ਅਤੇ ਇਸ ਵਿੱਚ ਘੱਟੋ-ਘੱਟ 47 ਲੋਕਾਂ ਦੀ ਮੌਤ ਹੋ ਗਈ ਅਤੇ 200 ਤੋਂ ਵੱਧ ਜ਼ਖਮੀ ਹੋਏ ਸਨ।

ਅੱਜ ਦੀ ਮੁਲਾਕਾਤ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਦੱਸਿਆ ਕਿ ਦਿੱਲੀ ਹਿੰਸਾ ਅਤੇ ਕੋਰੋਨਾ ਵਾਇਰਸ ਬਾਰੇ ਵਿਚਾਰ ਵਟਾਂਦਰਾ ਹੋਇਆ ਹੈ। ਉਨ੍ਹਾਂ ਕਿਹਾ, 'ਇਹ ਇੱਕ ਨੈਤਿਕ ਮੀਟਿੰਗ ਸੀ, ਮੈਂ ਮੋਦੀ ਤੋਂ ਸਮਾਂ ਮੰਗਿਆ ਸੀ। ਦਿੱਲੀ ਵਿੱਚ ਵਿਕਾਸ ਲਈ ਸਹਿਯੋਗ ਦੀ ਮੰਗ ਰੱਖੀ ਹੈ।" ਕੇਜਰੀਵਾਲ ਨੇ ਕਿਹਾ, "ਦਿੱਲੀ ਹਿੰਸਾ ਉੱਤੇ ਵਿਚਾਰ ਹੋਇਆ। ਜਿਵੇਂ ਬੀਤੇ ਐਤਵਾਰ ਪੁਲਿਸ ਨੇ ਕੰਮ ਕੀਤਾ ਸੀ, ਇਹ ਪਹਿਲਾਂ ਕੀਤਾ ਜਾਣਾ ਚਾਹੀਦਾ ਸੀ ਤਾਂ ਜੋ ਕਿਸੇ ਦੀ ਵੀ ਜਾਨ ਨਾ ਜਾਂਦੀ। ਦੰਗਿਆਂ ਦੇ ਫੈਲਾਉਣ ਵਿੱਚ ਜਿਸ ਦੀ ਵੀ ਭੂਮਿਕਾ ਹੈ, ਮੈਂ ਮੋਦੀ ਨੂੰ ਕਿਹਾ ਕਿ ਉਸ ਨੂੰ ਬਖਸ਼ਣਾ ਨਹੀਂ ਚਾਹੀਦਾ।"

## ਰੇਟਿੰਗ ਏਜੰਸੀ ਨੇ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅੰਦਾਜ਼ਾ ਘਟਾਇਆ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਰੇਟਿੰਗ ਏਜੰਸੀ ਫਿਚ ਸਾਲਿਊਸ਼ਨਜ਼ ਨੇ 31 ਮਾਰਚ ਨੂੰ ਖ਼ਤਮ ਹੋ ਰਹੇ ਵਿੱਤੀ ਸਾਲ 'ਚ ਭਾਰਤ ਦੇ ਆਰਥਿਕ ਵਿਕਾਸ ਦੇ ਅੰਦਾਜ਼ੇ ਨੂੰ ਘਟਾ ਕੇ 4.9 ਫ਼ੀਸਦੀ ਕਰ ਦਿੱਤਾ ਹੈ। ਏਜੰਸੀ ਨੇ ਕਿਹਾ ਕਿ ਕੋਰੋਨਾ ਵਾਇਰਸ ਕਾਰਨ ਘਰੇਲੂ ਪੱਧਰ 'ਤੇ ਕਮਜ਼ੋਰ ਡਿਮਾਂਡ ਤੇ ਸਪਲਾਈ 'ਚ ਅੜਿੱਕਾ ਪੈਣ ਕਾਰਨ ਮੈਨੂਫੈਕਚਰਿੰਗ ਸੈਕਟਰ 'ਤੇ ਦਬਾਅ ਵੱਧ ਸਕਦਾ ਹੈ। ਸਾਲ 2020-21 'ਚ ਜੀ ਡੀ ਪੀ ਗ੍ਰੋਥ 'ਚ ਥੋੜੇ ਸੁਧਾਰ ਦਾ ਅੰਦਾਜ਼ਾ ਲਾਇਆ ਗਿਆ ਹੈ। ਫਿਚ ਦਾ ਅੰਦਾਜ਼ਾ ਹੈ ਕਿ ਅਗਲੇ ਵਿੱਤੀ ਸਾਲ 'ਚ ਦੇਸ਼ ਦੇ ਆਰਥਿਕ ਵਿਕਾਸ ਦੀ ਰਫ਼ਤਾਰ 5.4 ਫ਼ੀਸਦੀ 'ਤੇ ਰਹਿ ਸਕਦੀ ਹੈ। ਏਜੰਸੀ ਨੇ ਭਾਰਤ ਦੇ ਆਰਥਿਕ ਵਿਕਾਸ ਦਰ ਨਾਲ ਜੁੜੇ ਆਪਣੇ ਅੰਦਾਜ਼ੇ 'ਚ ਕਿਹਾ ਕਿ 2019-20 'ਚ ਭਾਰਤ ਦੇ ਅਸਲ ਜੀ ਡੀ ਪੀ ਵਿਕਾਸ ਨਾਲ ਜੁੜੇ ਅੰਦਾਜ਼ੇ ਨੂੰ 5.1 ਫ਼ੀਸਦੀ ਘਟਾ ਕੇ 4.9 ਫ਼ੀਸਦੀ



ਕੀਤਾ ਗਿਆ ਹੈ। ਇਸੇ ਤਰ੍ਹਾਂ ਸਾਲ 2020-21 'ਚ ਜੀ ਡੀ ਪੀ ਵਾਧੇ ਦੇ ਅੰਦਾਜ਼ੇ ਨੂੰ 5.9 ਫ਼ੀਸਦੀ ਤੋਂ ਘਟਾ ਕੇ 5.4 ਫ਼ੀਸਦੀ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਭਾਰਤ ਦੀ ਅਸਲ ਜੀ ਡੀ ਪੀ ਵਿਕਾਸ ਦਰ ਚਾਲੂ ਵਿੱਤੀ ਸਾਲ ਦੀ ਤੀਸਰੀ ਤਿਮਾਹੀ (ਅਕਤੂਬਰ-ਦਸੰਬਰ) 'ਚ ਘੱਟ ਕੇ 4.7 ਫ਼ੀਸਦੀ ਰਹਿ ਗਈ ਹੈ ਜੋ ਦੂਜੀ ਤਿਮਾਹੀ 'ਚ 5.1 ਫ਼ੀਸਦੀ ਸੀ।

ਏਜੰਸੀ ਨੇ ਕਿਹਾ ਕਿ ਵਿੱਤੀ ਸਾਲ 2020-21 ਦੇ ਕੇਂਦਰੀ ਬਜਟ 'ਚ ਸਨਅਤ ਦੀ ਸਪੋਰਟ ਲਈ ਢੁੱਕਵੇਂ ਕਦਮ ਨਾ ਚੁੱਕੇ ਜਾਣ ਕਾਰਨ ਸੁਸਤ ਪਈ ਸਨਅਤ ਨੂੰ ਇੱਕ ਹੋਰ ਬੁਰੀ ਖ਼ਬਰ ਮਿਲੀ ਜੋ ਪਹਿਲਾਂ ਤੋਂ ਹੀ ਕਈ ਮੁੱਖ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਦੇ ਪਤਨ ਕਾਰਨ ਕ੍ਰੈਡਿਟ ਦੀ ਸਮੱਸਿਆ ਨਾਲ ਜੂਝ ਰਹੀਆਂ ਸਨ। ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਉਹ ਮੁੱਖ ਮਾਧਿਅਮ ਹਨ ਜਿਸ ਨਾਲ ਖ਼ਪਤਕਾਰ ਵਾਹਨ ਤੇ ਘਰ ਦੀ ਖ਼ਰੀਦਦਾਰੀ ਲਈ ਕਰਜ਼ਾ ਲੈਂਦਾ ਹੈ। ਦੂਜੇ ਪਾਸੇ ਚੀਨ ਤੋਂ ਫ਼ੈਲੇ ਕੋਰੋਨਾ ਵਾਇਰਸ ਦੇ ਕਹਿਣ ਨਾਲ ਸਪਲਾਈ ਚੇਨ ਟੁੱਟ ਗਈ ਹੈ।

## ਵਿਆਹ ਵਿੱਚ ਇੱਕ ਲੱਖ ਮਹਿਮਾਨ, ਨੌਂ ਦਿਨ ਦੇ ਜ਼ਸ਼ਨ ਉਤੇ ਖਰਚ ਹੋਣਗੇ 500 ਕਰੋੜ

ਬੇਂਗਲੂਰ, 3 ਮਾਰਚ (ਪੋਸਟ ਬਿਊਰੋ)- ਕਰਨਾਟਕ ਵਿੱਚ ਭਾਜਪਾ ਨੇਤਾ ਅਤੇ ਕਰਨਾਟਕ ਸਰਕਾਰ ਵਿੱਚ ਸਿਹਤ ਮੰਤਰੀ ਬੀ. ਸ਼੍ਰੀਰਾਮੁਲੁ ਦੀ ਬੇਟੀ ਰਸ਼ਿਤਾ ਦੇ ਵਿਆਹ ਦੇ ਖਰਚ ਦੇ ਮਾਮਲੇ ਵਿੱਚ ਇਤਿਹਾਸ ਬਣਨ ਜਾ ਰਿਹਾ ਹੈ। ਪੰਜ ਮਾਰਚ ਨੂੰ ਹੋਣ ਵਾਲੇ ਇਸ ਵਿਆਹ ਵਿੱਚ 500 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

ਰਸ਼ਿਤਾ ਦੇ ਵਿਆਹ ਲਈ ਇੱਕ ਲੱਖ ਵਿਸ਼ੇਸ਼ ਕਾਰਡ ਬਣਾਏ ਗਏ ਹਨ। ਕਾਰਡ ਵਿੱਚ ਸਿਹਤ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਇਸ ਦੇ ਅੰਦਰ ਕੇਸਰ, ਇਲਾਇਚੀ, ਸੰਧੂਰ, ਹਲਦੀ ਪਾਊਡਰ ਅਤੇ ਅਸ਼ਤ ਰਖਿਆ ਗਿਆ ਹੈ। ਇਸ ਵਿਆਹ ਵਿੱਚ ਸ਼ਾਮਲ ਹੋਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਲੈ ਕੇ ਭਾਜਪਾ ਦੇ ਸਾਰੇ ਵੱਡੇ ਨੇਤਾਵਾਂ ਅਤੇ ਕੇਂਦਰੀ ਮੰਤਰੀਆਂ ਨੂੰ ਸੱਦਾ ਦਿੱਤਾ ਗਿਆ ਹੈ। ਵਿਆਹ ਦੇ ਲਈ 40 ਏਕੜ ਦੀ ਗ੍ਰਾਊਂਡ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। 27



ਏਕੜ ਜਗ੍ਹਾ ਵਿੱਚ ਵਿਆਹ ਹੋਵੇਗਾ ਅਤੇ 15 ਏਕੜ ਜ਼ਮੀਨ ਸਿਰਫ ਪਾਰਕਿੰਗ ਲਈ ਰੱਖੀ ਗਈ ਹੈ। ਇਸ ਵਿਆਹ ਦੀ ਤਿਆਰੀ ਪਿਛਲੇ ਤਿੰਨ ਮਹੀਨੇ ਤੋਂ ਚੱਲ ਰਹੀ ਹੈ। ਬਾਲੀਵੁੱਡ ਦੇ ਡਾਇਰੈਕਟਰ ਇਸ ਇਸ ਵਿਆਹ ਦਾ ਸੈਟ ਤਿਆਰ ਕਰ ਰਹੇ ਹਨ। ਤਿੰਨ ਮਹੀਨੇ ਤੋਂ ਮਜ਼ਦੂਰ ਇਸ ਕੰਮ ਲੱਗੇ ਹੋਏ ਹਨ। ਇਹ ਸੈੱਟ ਹੰਪੀ ਵੀਰੂਪਸ਼ ਮੰਦਰ ਸਮੇਤ ਕਈ ਮੰਦਰਾਂ ਵਾਂਗ ਬਣਾਇਆ ਜਾ ਰਿਹਾ ਹੈ ਜੋ ਚਾਰ ਏਕੜ ਵਿੱਚ ਫੈਲਿਆ ਹੈ। ਇੱਕ ਹੋਰ ਸੈੱਟ ਬੇਲਾਰੀ ਵਿੱਚ ਬਣਾਇਆ ਜਾ ਰਿਹਾ ਹੈ ਜਿੱਥੇ ਰਿਸੈਪਸ਼ਨ ਹੋਵੇਗੀ। ਸ਼੍ਰੀਰਾਮੁਲੁ ਨੇ ਆਪਣੀ ਬੇਟੀ ਨੂੰ ਸਜਾਉਣ ਦੇ ਲਈ ਬਾਲੀਵੁੱਡ ਸਟਾਰ ਦੀਪਿਕਾ ਪਾਦੂਕੋਣ ਦੇ ਮੇਕਅਪ ਆਰਟਿਸਟ ਨੂੰ ਸੱਦਿਆ ਹੈ। ਫੋਟੋ ਅਤੇ ਵੀਡੀਓਗ੍ਰਾਫੀ ਲਈ ਜੈਆਰਾਮਨ ਪਿਲਈ ਤੇ ਦਿਲੀਪ ਦੀ ਟੀਮ ਨੂੰ ਬੁਲਾਇਆ ਹੈ। ਇਸ ਟੀਮ ਨੇ ਮੁਕੇਸ਼ ਅੰਬਾਨੀ ਦੀ ਬੇਟੀ ਇਸ਼ਾ ਅੰਬਾਨੀ ਦੇ ਸ਼ਾਹੀ ਵਿਆਹ ਵਿੱਚ ਫੋਟੋ ਖਿੱਚੇ ਤੇ ਵੀਡੀਓਗ੍ਰਾਫੀ ਕੀਤੀ ਸੀ। 200 ਲੋਕ ਕੇਵਲ ਫੁੱਲਾਂ ਨੂੰ ਸਜਾਉਣ ਦੇ ਲਈ ਲਗਾਏ ਗਏ ਹਨ।

## ਸੱਜਣ ਕੁਮਾਰ ਦੇ ਖ਼ਿਲਾਫ਼ ਵਿਸ਼ੇਸ਼ ਜਾਂਚ ਟੀਮ ਦੀ ਅਪੀਲ ਰੱਦ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕੇਸ ਵਿੱਚ ਸਜ਼ਾ ਯਾਫ਼ਤਾ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਾਲ 2018 ਵਿੱਚ ਇੱਕ ਕੇਸ ਵਿੱਚ ਪੇਸ਼ਗੀ ਜ਼ਮਾਨਤ ਦੇਣ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਪਹਿਲਾਂ ਸੁਣਵਾਈ ਕਰਨ ਦੀ ਮੰਗ ਦੇ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਅਪੀਲ ਰੱਦ ਕਰ ਦਿੱਤੀ ਹੈ। ਚੀਫ਼ ਜਸਟਿਸ ਐਸ ਏ ਬੋਬੜੇ, ਜਸਟਿਸ ਬੀ ਆਰ ਗਵਈ ਤੇ ਸੂਰਿਆ ਕਾਂਤ ਦੇ ਬੈਂਚ ਨੇ ਅਪੀਲ ਰੱਦ ਕਰਦਿਆਂ ਐੱਸ ਆਈ ਟੌ ਤੋਂ ਸਵਾਲ ਪੁੱਛਿਆ ਕਿ 'ਉਹ (ਸੱਜਣ ਕੁਮਾਰ) ਜੇਲ੍ਹ ਅੰਦਰ ਹੈ ਕਿ ਨਹੀਂ?' ਜਾਂਚ ਟੀਮ ਨੇ ਪਟੀਸ਼ਨ ਵਿੱਚ ਦਿੱਲੀ ਹਾਈ ਕੋਰਟ ਵੱਲੋਂ 22 ਫਰਵਰੀ 2018 ਨੂੰ ਸੁਣਾਏ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ,



ਜਿਸ ਵਿੱਚ ਹਾਈ ਕੋਰਟ ਨੇ ਟਰਾਇਲ ਕੋਰਟ ਵੱਲੋਂ ਸੱਜਣ ਕੁਮਾਰ ਨੂੰ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਦੋ ਕੇਸਾਂ ਵਿੱਚ ਪੇਸ਼ਗੀ ਜ਼ਮਾਨਤ ਦੇਣ ਦੇ ਫ਼ੈਸਲੇ ਨੂੰ ਕਾਇਮ ਰੱਖਿਆ ਸੀ। ਹਾਈ ਕੋਰਟ ਨੇ ਤਰਕ ਦਿੱਤਾ ਸੀ ਕਿ ਰਿਕ-ਾਰਡ ਮੁਤਾਬਕ ਕੁਮਾਰ ਦੀ ਜਾਂਚ ਦੌਰਾਨ ਪੂਰਾ ਸਮਾਂ ਮੌਜੂਦ ਰਿਹਾ। ਟਰਾਇਲ ਕੋਰਟ ਨੇ 21 ਦਸੰਬਰ 2016 ਨੂੰ ਕੁਮਾਰ ਨੂੰ 84 ਦੇ ਦੰਗਿਆਂ ਦੌਰਾਨ ਤਿੰਨ ਸਿੱਖਾਂ ਦੀ ਹੱਤਿਆ ਨਾਲ ਸਬੰਧਤ ਦੋ ਕੇਸਾਂ ਵਿੱਚ ਪੇਸ਼ਗੀ ਜ਼ਮਾਨਤ ਦੇ ਦਿੱਤੀ ਸੀ।

## ਸੁਪਰੀਮ ਕੋਰਟ 'ਚ ਧਾਰਾ 370 ਦਾ ਕੇਸ ਵੱਡੇ ਬੈਂਚ ਨੂੰ ਭੇਜਣ ਦੀ ਪਟੀਸ਼ਨ ਰੱਦ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਜੰਮੂ-ਕਸ਼ਮੀਰ ਤੋਂ ਧਾਰਾ 370 ਰੱਦ ਕਰਨ ਦੇ ਲਈ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਨੂੰ ਵੱਡੇ ਬੈਂਚ ਕੋਲ ਭੇਜਣ ਤੋਂ ਨਾਂਹ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਜਸਟਿਸ ਐਨ ਵੀ ਰਮੰਨਾ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਬੀਤੀ 23 ਜਨਵਰੀ ਨੂੰ ਇਸ ਕੇਸ 'ਚ ਫ਼ੈਸਲਾ ਰਾਖਵਾ ਰੱਖ ਲਿਆ ਅਤੇ ਸੁਣਵਾਈ ਦੌਰਾਨ ਕਿਹਾ ਸੀ ਕਿ ਇਸ ਕੇਸ ਦੀ ਸੁਣਵਾਈ ਕਰਨ ਤੋਂ ਬਾਅਦ ਹੀ ਅਸੀਂ ਇਸ 'ਤੇ ਵਿਚਾਰ ਕਰਾਂਗੇ ਕਿ ਇਸ ਨੂੰ ਕਿੱਥੇ ਭੇਜਣਾ ਹੈ। ਇੱਕ ਪਟੀਸ਼ਨਰ ਦੇ ਵਕੀਲ ਦਿਨੇਸ਼ ਦਿਵੇਦੀ ਨੇ ਕਿਹਾ ਸੀ ਕਿ ਧਾਰਾ-370 ਦੇ ਕੇਸ 'ਚ ਸੁਪਰੀਮ ਕੋਰਟ ਦੇ ਹੀ ਪਹਿਲੇ ਦੋ ਫ਼ੈਸਲੇ ਪੰਜ-ਪੰਜ ਜੱਜਾਂ ਵਾਲੇ ਬੈਂਚ ਨੇ ਦਿੱਤੇ ਸਨ, ਇਸ ਲਈ ਇਸ ਮੁੱਦੇ 'ਤੇ ਹੁਣ ਸੱਤ ਜਾਂ ਵੱਧ ਜੱਜਾਂ ਦਾ ਬੈਂਚ ਹੀ ਸੁਣਵਾਈ ਕਰ ਸਕਦਾ ਹੈ।

## ਅਰਮੀਨੀਆ ਭਾਰਤ ਤੋਂ 280 ਕਰੋੜ ਦੀ ਰਡਾਰ ਪ੍ਰਣਾਲੀ ਖ਼ਰੀਦੇਗਾ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਭਾਰਤ ਨੇ ਰੂਸ ਤੇ ਪੋਲੈਂਡ ਦੀਆਂ ਕੰਪਨੀਆਂ ਨੂੰ ਪਛਾੜ ਕੇ ਅਰਮੀਨੀਆ ਲਈ ਚਾਰ ਕਰੋੜ ਡਾਲਰ ਦਾ ਇੱਕ ਫੌਜੀ ਸੌਦਾ ਹਾਸਲ ਕੀਤਾ ਹੈ। ਭਾਰਤ ਇਸ ਈਸਾਈ ਬਹੁਗਿਣਤੀ ਵਾਲੇ ਦੇਸ਼ ਲਈ ਚਾਰ ਵੈਪਨ ਲੋਕੇਟਿੰਗ ਰਡਾਰ (ਡਬਲਿਊ ਐਲ ਆਰ) ਯਾਨੀ ਘਾਤਕ 'ਸਵਾਤੀ' ਦਾ ਉਤਪਾਦਨ ਕਰੇਗਾ।



ਸਰਕਾਰੀ ਸੂਤਰਾਂ ਮੁਤਾਬਕ ਇਨ੍ਹਾਂ ਰਡਾਰਾਂ ਦਾ ਕੰਮ ਸੋਵੀਅਤ ਸੰਘ ਦਾ ਹਿੱਸਾ ਰਹੇ ਯੂਰਪ ਵਿਚਲੇ ਅਰਮੀਨੀਆ ਲਈ ਡਿਫੈਂਸ ਖੋਜ ਅਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਅਤੇ ਭਾਰਤ ਇਲੈਕਟ੍ਰਾਨਿਕਸ ਲਿਮਟਿਡ (ਬੀ ਈ ਐਲ) ਮਿਲ ਕੇ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਅਰਮੀਨੀਆ ਨੂੰ ਇਨ੍ਹਾਂ ਰਡਾਰਾਂ ਦੀ ਸਪਲਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਇਸ ਸੌਦੇ ਨੂੰ ਭਾਰਤ ਸਰਕਾਰ ਦੇ 'ਮੇਕ ਇਨ ਇੰਡੀਆ' ਪ੍ਰੋਜੈਕਟ ਲਈ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਅਰਮੀਨੀਆ ਨੇ ਰੂਸ ਅਤੇ ਪੋਲੈਂਡ ਦੀਆਂ ਪ੍ਰਣਾਲੀਆਂ ਦੇ ਪ੍ਰੀਖਣ ਕੀਤੇ ਸਨ, ਜਿਹੜੇ ਚੰਗੇ ਨਿਕਲੇ ਸਨ ਪਰ ਉਨ੍ਹਾਂ ਨੇ ਭਾਰਤ ਦੀ ਭਰੋਸੇਯੋਗ ਵਿਵਸਥਾ ਨਾਲ ਜਾਣਾ ਠੀਕ ਸਮਝਿਆ ਹੈ। ਇਹ ਫੌਜੀ ਸੌਦਾ ਚਾਰ 'ਸਵਾਤੀ' ਰਡਾਰ ਦੇ ਲਈ ਹੋਇਆ ਹੈ। ਇਨ੍ਹਾਂ ਦੀ ਖਾਸੀਅਤ ਇਹ ਹੈ ਕਿ ਇਹ ਦੁਸ਼ਮਣ ਦੇ ਹਥਿਆਰਾਂ ਦੀ ਮੌਜੂਦਗੀ ਲੱਭ ਕੇ ਉਨ੍ਹਾਂ ਨੂੰ ਤਬਾਹ ਕਰਨ ਲਈ ਫ਼ੌਜ ਨੂੰ ਗਾਈਡ ਕਰਨ ਦਾ ਕੰਮ ਕਰਦਾ ਹੈ।

## ਬਾਈਕ ਉੱਤੇ ਮਾਂ ਦੀ ਗੋਦ ਵਿੱਚੋਂ ਡਿੱਗੀ ਇੱਕ ਮਹੀਨੇ ਦੀ ਬੱਚੀ

ਭਿੰਡ, 3 ਮਾਰਚ (ਪੋਸਟ ਬਿਊਰੋ)- ਬਾਈਕ 'ਤੇ ਪਿੱਛੇ ਬੈਠ ਕੇ ਛੋਟੇ ਬੱਚਿਆਂ ਨੂੰ ਗੋਦ ਵਿੱਚ ਲੈ ਕੇ ਚੱਲਣ ਵਾਲੀਆਂ ਮਾਵਾਂ ਨੂੰ ਸਾਵਧਾਨ ਕਰਨ ਲਈ ਇਹ ਇੱਕ ਖਾਸ ਖਬਰ ਹੈ। ਮੱਧ ਪ੍ਰਦੇਸ਼ ਵਿੱਚ ਗਵਾਲੀਅਰ ਤੋਂ ਸ਼ਿਲਪੀ ਨਾਮੀ ਔਰਤ ਆਪਣੇ ਭਰਾ ਨਾਲ ਬਾਈਕ 'ਤੇ ਬੈਠ ਕੇ ਭਿੰਡ ਜਾ ਰਹੀ ਸੀ। ਉਸ ਨੇ ਆਪਣੀ ਇੱਕ ਮਹੀਨੇ ਦੀ ਬੱਚੀ ਨੂੰ ਕੰਬਲ ਵਿੱਚ ਲਪੇਟ ਕੇ ਗੋਦੀ ਵਿੱਚ ਚੁੱਕਿਆ ਸੀ। ਰਸਤੇ ਵਿੱਚ ਉਸ ਨੂੰ ਮਹਿਸੂਸ ਹੋਇਆ ਕਿ ਕੰਬਲ ਖਾਲੀ ਅਤੇ ਬੱਚੀ ਗਾਇਬ ਹੈ। ਉਸ ਨੇ ਆਪਣੇ ਭਰਾ ਨੂੰ ਬਾਈਕ ਰੋਕਣ ਲਈ ਕਿਹਾ ਅਤੇ ਉਸ ਨੂੰ ਬੱਚੀ ਦੇ ਨਾ ਹੋਣ ਬਾਰੇ ਦੱਸਿਆ। ਔਰਤ ਅਤੇ ਭਰਾ ਉਸੇ ਰਸਤੇ ਵਾਪਸ ਆਏ ਅਤੇ ਲਗਭਗ ਦੋ ਕਿਲੋਮੀਟਰ ਆਉਣ ਪਿੱਛੋਂ ਮਾਲਣਪੁਰ ਆਰ ਟੀ ਓ ਬੈਰੀਅਰ ਕੋਲ ਬੱਚੀ ਮਿਲ ਗਈ। ਬੱਚੀ ਮਾਲਣਪੁਰ ਬੈਰੀਅਰ ਕੋਲ ਕੰਬਲ ਵਿੱਚੋਂ ਖਿਸਕ ਕੇ ਹੇਠਾਂ ਡਿੱਗ ਗਈ ਅਤੇ ਉਸ ਦੀ ਮਾਂ ਨੂੰ ਇਸ ਦਾ ਪਤਾ ਨਹੀਂ ਲੱਗਾ। ਬੱਚੀ ਦੇ ਡਿੱਗਣ 'ਤੇ ਆਸਪਾਸ ਦੇ ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਬੱਚੀ ਨੂੰ ਸਿਹਤ ਕੇਂਦਰ ਭਿਜਵਾ ਦਿੱਤਾ। ਮੈਡੀਕਲ ਅਫਸਰ ਨੇ ਬੱਚੀ ਦੇ ਸਿਰ, ਨੱਕ, ਕੰਨ 'ਤੇ ਮਾਮੂਲੀ ਸੱਟਾਂ ਦਾ ਇਲਾਜ ਕੀਤਾ। ਹਸਪਤਾਲ ਵਿੱਚ ਰੋਂਦੀ ਬੱਚੀ ਨੂੰ ਚਮਚ ਨਾਲ ਦੁੱਧ ਪਿਲਾਇਆ। ਮਾਂ ਦੇ ਪਹੁੰਚਣ 'ਤੇ ਪੁਲਸ ਨੇ ਬੱਚੀ ਨੂੰ ਉਸ ਨੂੰ ਸੌਂਪ ਦਿੱਤਾ। ਬੱਚੀ ਪੂਰੀ ਤਰ੍ਹਾਂ ਸਿਹਤਮੰਦ ਹੈ।

## ਪੋਲੈਂਡ ਦੇ ਵਿਦਿਆਰਥੀ ਨੂੰ ਭਾਰਤ ਛੱਡਣ ਦਾ ਹੁਕਮ ਜਾਰੀ

*** ਨਾਗਰਿਕਤਾ ਕਾਨੂੰਨ ਵਿਰੋਧੀ ਰੈਲੀ ਵਿੱਚ ਹਿੱਸਾ ਲੈਣ ਦਾ ਸਿੱਟਾ**

ਕੋਲਕਾਤਾ, 3 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਯਾਦਵਪੁਰ ਯੂਨੀਵਰਸਿਟੀ ਵਿੱਚ ਪੜ੍ਹਨ ਵਾਲੇ ਪੋਲੈਂਡ ਦੇ ਇੱਕ ਵਿਦਿਆਰਥੀ ਨੂੰ ਵਿਦੇਸ਼ੀ ਨਾਗਰਿਕ ਰੀਜਨਲ ਰਜਿਸਟਰੇਸ਼ਨ ਦਫਤਰ (ਐਫ ਆਰ ਆਰ ਓ) ਨੇ ਦੇਸ਼ ਛੱਡ ਜਾਣ ਲਈ ਕਿਹਾ ਹੈ। ਇਸ ਯੂਨੀਵਰਸਿਟੀ ਦੇ ਸੂਤਰਾਂ ਮੁਤਾਬਕ ਪੱਛਮੀ ਬੰਗਾਲ ਦੀ ਰਾਜਧਾਨੀ ਵਿੱਚ ਨਵੇਂ ਨਾਗਰਿਕਤਾ ਕਾਨੂੰਨ ਵਿਰੁੱਧ ਕੱਢੀ ਗਈ ਰੈਲੀ ਵਿੱਚ ਇਸ ਵਿਦਿਆਰਥੀ ਦੇ ਹਿੱਸਾ ਲੈਣ ਕਾਰਨ ਇਹ ਹੁਕਮ ਹੋਇਆ ਹੈ। ਇਸ




ਤੋਂ ਪਹਿਲਾਂ ਯੂਨੀਵਰਸਿਟੀ ਦੀ ਇੱਕ ਬੰਗਲਾਦੇਸ਼ੀ ਵਿਦਿਆਰਥਣ ਨੂੰ ਵੀ ਏਦਾਂ ਦਾ ਹੁਕਮ ਦਿੱਤਾ ਗਿਆ ਸੀ, ਜਦ ਵਿਦਿਆਰਥਣ ਦੇ ਏਦਾਂ ਦੇ ਵਿਰੋਧ ਪ੍ਰਦਰਸ਼ਨ ਵਿੱਚ ਜਾਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਵਿੱਚ ਪਾਈਆਂ ਸਨ। ਜਾਣਕਾਰ ਸੂਤਰਾਂ ਮੁਤਾਬਕ ਕੰਪੈਰੇਟਿਵ ਲਿਟਰੇਚਰ ਲਈ ਪੋਲੈਂਸ ਤੋਂ ਆਏ ਵਿਦਿਆਰਥੀ ਕਾਮਿਲ ਸਿਏਦਸਿੰਸਕੀ ਨੂੰ ਰਜਿਸਟਰੇਸ਼ਨ ਦਫਤਰ ਨੇ ਬੁਲਾਇਆ ਅਤੇ 22 ਫਰਵਰੀ ਨੂੰ ਉਥੇ ਗਿਆ ਸੀ। ਉਥੇ ਉਸ ਨੂੰ ਨੋਟਿਸ ਦਿੱਤਾ ਗਿਆ ਤੇ ਨੋਟਿਸ ਦੀ ਤਰੀਕ ਤੋਂ ਦੋ ਹਫਤਿਆਂ ਅੰਦਰ ਦੇਸ਼ ਛੱਡਣ ਨੂੰ ਕਿਹਾ ਗਿਆ। ਵਿਦਿਆਰਥੀ ਵੀਜ਼ਾ 'ਤੇ ਭਾਰਤ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕ ਦੇ ਕਿਰਦਾਰ ਨੂੰ ਗਲਤ ਦੱਸ ਕੇ ਇਹ ਨੋਟਿਸ ਦਿੱਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਕਈ ਅਧਿਆਪਕਾਂ ਅਤੇ ਖੱਬੇ ਪੱਖੀ ਵਿਦਿਆਰਥੀਆਂ ਦਾ ਮੰਨਣਾ ਹੈ ਕਿ ਵਿਦਿਆਰਥੀ ਨੂੰ ਪਿਛਲੇ ਸਾਲ ਦਸੰਬਰ ਵਿੱਚ ਸ਼ਹਿਰ ਦੇ ਮੌਲਾਲੀ ਇਲਾਕੇ ਵਿੱਚ ਸੀ ਏ ਏ ਵਿਰੋਧੀ ਰੈਲੀ ਵਿੱਚ ਹਿੱਸਾ ਲੈਣ ਦੀ ਸਜ਼ਾ ਮਿਲੀ ਹੈ ਜਿੱਥੇ ਕਿਸੇ ਬੰਗਾਲੀ ਅਖਬਾਰ ਨੇ ਉਸ ਦੀ ਇੰਟਰਵਿਊ ਲਈ ਅਤੇ ਅਗਲੇ ਦਿਨ ਉਸ ਦੀ ਛੋਟੀ ਜਿਹੀ ਖਬਰ ਛਪੀ ਸੀ।


## ਦਫਤਰ ਵਿੱਚ ਅੱਠ ਤੋਂ ਵੱਧ ਘੰਟੇ ਕੰਮ ਕਰਨਾ ਖਤਰਨਾਕ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਪ੍ਰਾਈਵੇਟ ਸੈਕਟਰ ਵਿੱਚ ਨੌਕਰੀ ਕਰਨ ਵਾਲਾ ਹਰ ਇਨਸਾਨ ਇਸ ਦਰਦ ਨੂੰ ਸਮਝਦਾ ਹੈ ਕਿ ਕੰਮ ਦਾ ਦਬਾਅ ਹੁੰਦਾ ਕੀ ਹੈ। ਟਾਈਮ ਲਾਈਨ ਵਿੱਚ ਬੱਝ ਕੇ ਕੰਮ ਕਨਰਾ, ਡੈਡਲਾਈਨ ਅੰਦਰ ਪ੍ਰਫਾਰਮ ਕਰਨਾ ਤੇ ਬਿਹਤਰ ਨਤੀਜੇ ਦੇਣ ਦੀ ਕੋਸ਼ਿਸ਼ ਦਾ ਤਣਾਅ ਹੋਣਾ, ਪਰ ਇਹ ਵੀ ਸੱਚਾਈ ਹੈ ਕਿ ਦਫਤਰ ਵਿੱਚ ਹਰ ਦਿਨ ਨੌਂ ਘੰਟੇ ਕੰਮ ਕਰਨਾ ਬਿਮਾਰ ਬਣਾ ਸਕਦਾ ਹੈ। ਅੱਠ ਘੰਟੇ ਤੋਂ ਵੱਧ ਕੰਮ ਕਰਨ ਨਾਲ ਤੁਹਾਨੂੰ ਹਾਈਪਰਟੈਂਸ਼ਨ, ਹਾਰਟ ਅਟੈਕ, ਐਂਗਜਾਇਟੀ, ਸਟਰੋਕ, ਡਿਪਰੈਸ਼ਨ, ਮਸਲਸ ਪੇਨ, ਬੈਕ ਪੇਨ, ਸਲਿਪ ਡਿਸਕ, ਸਰਵਾਈਕਲ ਪੇਨ ਆਦਿ ਦੀ ਸਮੱਸਿਆ ਹੋ ਸਕਦੀ ਹੈ। ਇਹ ਰਾਏ ਮਾਹਰਾਂ ਨੇ ਦਿੱਤੀ ਹੈ। ਉਦਗਮ ਮੈਂਟਲ ਹੈਲਥ ਕੇਅਰ ਦੇ ਸੀਨੀਅਰ ਸਾਈਕਾਇਟਿਸਟ ਡਾਕਟਰ ਰਾਜੇਸ਼ ਗੁਪਤਾ ਨੇ ਕਿਹਾ ਹੈ ਕਿ ਜੋ ਲੋਕ ਅੱਠ ਘੰਟੇ ਤੋਂ ਵੱਧ ਲੰਬੀ ਸ਼ਿਫਟ ਵਿੱਚ ਲਗਾਤਾਰ ਕੰਮ ਕਰਦੇ ਹਨ, ਉਨ੍ਹਾਂ ਵਿੱਚ ਕੁਝ ਸਮੇਂ ਬਾਅਦ ਇਕਲਾਪੇ ਦੀ ਭਾਵਨਾ ਘਰ ਕਰਨ ਲੱਗਦੀ ਹੈ। ਖਾਸ ਤੌਰ 'ਤੇ ਪ੍ਰਾਈਵੇਟ ਸੈਕਟਰ ਵਿੱਚ ਕੰਮ ਕਰਨ ਵਾਲੇ ਨੌਜਵਾਨਾਂ 'ਤੇ ਕੈਰੀਅਰ ਵਿੱਚ ਗ੍ਰੋਥ ਅਤੇ ਖੁਦ ਨੂੰ ਪਰੂਵ ਕਰਨ ਦਾ ਬਹੁਤ ਜ਼ਿਆਦਾ ਦਬਾਅ ਰਹਿੰਦਾ ਹੈ।





# ਪਾਕਿ ਸਰਕਾਰ ਨਵਾਜ਼ ਸ਼ਰੀਫ਼ ਦੀ ਹਵਾਲਗੀ ਲਈ ਅਪੀਲ ਕਰੇਗੀ



ਲਾਹੌਰ, 3 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਭਗੌੜਾ ਐਲਾਨ ਕਰਨ ਦੇ ਬਾਅਦ ਓਥੋਂ ਦੀ ਇਮਰਾਨ ਖ਼ਾਨ ਸਰਕਾਰ ਉਨ੍ਹਾਂ ਦੀ ਹਵਾਲਗੀ ਲਈ ਬ੍ਰਿਟਿਸ਼ ਸਰਕਾਰ ਨੂੰ ਲਿਖੇਗੀ।

ਪਿਛਲੇ ਹਫ਼ਤੇ ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਸ਼ਰੀਫ਼ ਦੀ ਜ਼ਮਾਨਤ ਦੀ ਮਿਆਦ ਵਧਾਉਣ ਤੋਂ ਇਨਕਾਰ ਕਰ ਦਿੱਤਾ ਸੀ। ਆਪਣੇ ਫ਼ੈਸਲੇ ਵਿੱਚ ਸਰਕਾਰ ਨੇ ਕਿਹਾ ਸੀ ਕਿ ਅਜਿਹਾ ਕਰਨ ਲਈ ਕਿਸੇ ਤਰ੍ਹਾਂ ਦਾ ਨਿਆਇਕ, ਨੈਤਿਕ ਤੇ ਮੈਡੀਕਲ ਆਧਾਰ ਨਹੀਂ ਹੈ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਵਿਸ਼ੇਸ਼ ਸਹਾਇਕ ਫਿਰਦੌਸ ਆਸ਼ਿਕ ਅਵਾਨ ਨੇ ਕੱਲ੍ਹ ਇੱਥੇ ਕਿਹਾ ਕਿ ਬ੍ਰਿਟਿਸ਼ ਸਰਕਾਰ ਨੂੰ ਪਾਕਿਸਤਾਨ ਮੁਸਲਮ ਲੀਗ-ਨਵਾਜ਼ (ਪੀ ਐਮ ਐਲ ਐਨ) ਦੇ ਵੱਡੇ ਆਗੂ ਨਵਾਜ਼ ਸ਼ਰੀਫ਼ ਦੀ ਹਵਾਲਗੀ ਦੀ ਬੇਨਤੀ ਕੀਤੀ ਜਾਵੇਗੀ। ਇਸ ਲਈ ਉਥੋਂ ਦੀ ਸਰਕਾਰ ਨੂੰ ਪੱਤਰ ਲਿਖਿਆ ਜਾਵੇਗਾ। ਨਵਾਜ਼ ਸ਼ਰੀਫ਼ ਆਪਣੇ ਇਲਾਜ ਲਈ ਪਿਛਲੇ ਸਾਲ 19 ਨਵੰਬਰ ਵਿੱਚ ਲੰਡਨ ਗਏ, ਪ੍ਰੰਤੂ ਉਥੇ ਕਿਸੇ ਹਸਪਤਾਲ 'ਚ ਦਾਖ਼ਲ ਨਹੀਂ ਹੋਏ। ਉਨ੍ਹਾਂ ਦਾ ਏਦਾਂ ਕਰਨਾ ਦਰਸਾਉਂਦਾ ਹੈ ਕਿ ਸਿਹਤ ਨੂੰ ਆਧਾਰ ਬਣਾ ਕੇ ਸ਼ਰੀਫ਼, ਉਨ੍ਹਾਂ ਦੀ ਪਾਰਟੀ ਤੇ ਮੀਡੀਆ ਦੇ ਇੱਕ ਵਰਗ ਨੇ ਮਿਲ ਕੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਜਾਣ ਵਿੱਚ ਮਦਦ ਕੀਤੀ ਹੈ। ਅਵਾਨ ਨੇ ਦਾਅਵਾ ਕੀਤਾ ਕਿ ਸਾਬਕਾ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਛੋਟੇ ਭਰਾ ਸ਼ਾਹਬਾਜ਼ ਸ਼ਰੀਫ਼ ਆਪਣੇ ਬੱਚਿਆਂ ਦੇ ਕਾਰੋਬਾਰ ਨੂੰ ਬਚਾਉਣ ਲਈ ਲੰਡਨ ਗਏ ਹਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਸ਼ਰੀਫ਼ ਦੀ ਸਿਹਤ ਖ਼ਰਾਬ ਨਹੀਂ ਹੈ।

# ਪਾਕਿਸਤਾਨ 'ਚ ਆਨਲਾਈਨ ਸੈਂਸਰਸ਼ਿਪ ਨੇਮਾਂ ਦਾ ਤਿੱਖਾ ਵਿਰੋਧ

ਇਸਲਾਮਾਬਾਦ, 3 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਮਨੁੱਖੀ ਹੱਕਾਂ ਬਾਰੇ 100 ਤੋਂ ਵੱਧ ਜਥੇਬੰਦੀਆਂ ਅਤੇ ਮੀਡੀਆ ਗਰੁੱਪਾਂ ਨੇ ਨਵੇਂ ਆਨਲਾਈਨ ਸੈਂਸਰਸ਼ਿਪ ਨੇਮਾਂ ਅਤੇ ਪਾਬੰਦੀਆਂ ਨੂੰ ਵਾਪਸ ਲੈਣ ਦੀ ਮੰਗ ਹੇਠ ਸਰਕਾਰ ਨਾਲ ਚੱਲ ਰਹੀ ਗੱਲਬਾਤ ਦਾ ਬਾਈਕਾਟ ਕਰ ਦਿੱਤਾ ਹੈ।

ਨਵੇਂ ਤੈਅ ਕੀਤੇ ਨੇਮਾਂ ਤਹਿਤ ਸੋਸ਼ਲ ਮੀਡੀਆ ਕੰਪਨੀ ਨੂੰ ਸੂਚਨਾ ਜਾਂ ਮੰਗਣ ਉਤੇ ਸਰਕਾਰੀ ਜਾਂਚ ਏਜੰਸੀ ਨਾਲ ਡੇਟਾ ਸਾਂਝਾ ਕਰਨਾ ਪਵੇਗਾ। ਇਹ ਨੇਮ 11 ਫਰਵਰੀ ਨੂੰ ਮਿਥੇ ਗਏ ਹਨ ਤੇ ਅਜਿਹਾ ਨਾ ਕਰਨ 'ਤੇ 50 ਕਰੋੜ ਰੁਪਏ ਤੱਕ ਜੁਰਮਾਨਾ ਭਰਨਾ ਪੈ ਸਕਦਾ ਹੈ। ਨੇਮਾਂ ਦੇ ਆਉਣ ਪਿੱਛੋਂ 'ਗੂਗਲ', 'ਫੇਸਬੁੱਕ' ਅਤੇ 'ਟਵਿੱਟਰ' ਆਦਿ ਕੰਪਨੀਆਂ ਨੇ ਦੇਸ਼ 'ਚ ਆਪਣੀਆਂ ਸੇਵਾਵਾਂ ਬੰਦ ਕਰਨ ਦੀ ਧਮਕੀ ਦਿੱਤੀ ਹੈ। ਆਲੋਚਨਾ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਨਾਗਰਿਕ ਸੁਰੱਖਿਆ ਨੇਮਾਂ 2020 ਬਾਰੇ ਹਿੱਤਧਾਰਕਾਂ ਨਾਲ ਤਾਲਮੇਲ ਕਰਨ ਦਾ ਐਲਾਨ ਕੀਤਾ ਸੀ। ਇਸ ਬਾਰੇ ਸੂਚਨਾ ਤਕਨੀਕ ਮੰਤਰਾਲੇ ਨੇ 29 ਫਰਵਰੀ ਨੂੰ ਇੱਕ ਕਮੇਟੀ ਪਾਕਿ ਟੈਲੀਕਾਮ ਅਥਾਰਿਟੀ ਦੇ ਚੇਅਰਮੈਨ ਆਮਿਰ ਅਜ਼ੀਮ ਬਾਜਵਾ ਦੀ ਅਗਵਾਈ ਵਿੱਚ ਬਣਾਈ ਸੀ। ਜਥੇਬਦੀਆਂ ਤੇ ਮੀਡੀਆ ਗਰੁੱਪਾਂ ਨੇ ਕਿਹਾ ਹੈ ਕਿ ਜਦ ਨੇਮਾਂ ਨੂੰ ਕੈਬਨਿਟ ਦੀ ਪ੍ਰਵਾਨਗੀ ਮਿਲ ਗਈ ਹੈ ਤਾਂ ਕਿਸੇ ਤਰ੍ਹਾਂ ਦੀ ਗੱਲਬਾਤ ਬੱਸ ਦਿਖਾਵਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨੇਮਾਂ ਦੀ ਕਾਨੂੰਨੀ ਸਥਿਤੀ ਸਪੱਸ਼ਟ ਨਹੀਂ ਕੀਤੀ ਤੇ ਆਲੋਚਨਾ ਤੋਂ ਬਚਣ ਲਈ ਕਮੇਟੀ ਬਣਾਈ ਹੈ। ਵਿਰੋਧ ਕਰਦੀਆਂ ਧਿਰਾਂ ਦਾ ਕਹਿਣਾ ਹੈ ਕਿ ਕਮੇਟੀ 'ਚ ਕੋਈ ਵੀ ਨਾਗਰਿਕ ਹੱਕਾਂ ਨਾਲ ਜੁੜਿਆ, ਉਦਯੋਗਿਕ ਸੈਕਟਰ ਦਾ ਨੁਮਾਇੰਦਾ ਜਾਂ ਹਿੱਤਧਾਰਕ ਨਹੀਂ ਹੈ।

# ਪ੍ਰਧਾਨ ਮੰਤਰੀ ਜੌਹਨਸਨ ਮੰਤਰੀ ਪ੍ਰੀਤੀ ਪਟੇਲ ਦੇ ਹੱਕ 'ਚ ਆਏ



ਲੰਡਨ, 3 ਮਾਰਚ (ਪੋਸਟ ਬਿਊਰੋ)- ਬ੍ਰਿਟੇਨ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ 'ਤੇ ਗ੍ਰਹਿ ਵਿਭਾਗ ਦੇ ਸਟਾਫ ਨਾਲ ਦੁਰ-ਵਿਹਾਰ ਅਤੇ ਧੱਕੇਸ਼ਾਹੀ ਦੇ ਦੋਸ਼ ਲੱਗੇ ਹਨ। ਅਜਿਹੇ 'ਚ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਪ੍ਰੀਤੀ ਪਟੇਲ ਦਾ ਸਮਰਥਨ ਕੀਤਾ ਹੈ, ਜਿਸ ਦੇ ਬਾਅਦ ਵੀ ਹਰ ਪਾਸੇ ਚਰਚਾ ਹੋ ਰਹੀ ਹੈ।

ਗ੍ਰਹਿ ਵਿਭਾਗ ਦੇ ਸਭ ਤੋਂ ਉਚ ਅਧਿਕਾਰੀ ਸਰ ਫਿਲਿਪ ਰਟਨਮ ਨੇ ਭਾਰਤੀ ਮੂਲ ਦੀ ਮੰਤਰੀ ਪ੍ਰੀਤੀ ਪਟੇਲ 'ਤੇ ਕੱਲ੍ਹ ਦੋਸ਼ ਲਾਏ ਸਨ ਕਿ ਉਨ੍ਹਾਂ ਦੇ ਖ਼ਿਲਾਫ਼ ਪਿਛਲੇ 10 ਦਿਨਾਂ ਤੋਂ ਯੋਜਨਾਬੱਧ ਤਰੀਕੇ ਨਾਲ ਮੁਹਿੰਮ ਚਲਾਈ ਜਾ ਰਹੀ ਹੈ ਤੇ ਇਸੇ ਲਈ ਉਨ੍ਹਾਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਉਹ ਪ੍ਰੀਤੀ ਪਟੇਲ ਨਾਲ ਗੱਲ ਕਰਕੇ ਮਾਮਲਾ ਸੁਲਝਾਉਣਾ ਚਾਹੁੰਦੇ ਸਨ, ਪਰ ਪ੍ਰੀਤੀ ਪਟੇਲ ਨੇ ਅਜਿਹਾ ਨਹੀਂ ਹੋਣ ਦਿੱਤਾ। ਇਸ ਤੋਂ ਪਹਿਲਾਂ ਜਦ ਪ੍ਰੀਤੀ ਪਟੇਲ ਰੁਜ਼ਗਾਰ ਮੰਤਰੀ ਸਨ, ਓਦੋਂ ਵੀ ਉਨ੍ਹਾਂ 'ਤੇ ਦੁਰ0ਵਿਹਾਰ ਦਾ ਦੋਸ਼ ਲੱਗਾ ਸੀ।


ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਸਟਾਫ ਨਾਲ ਦੁਰ-ਵਿਹਾਰ ਕਰਨ ਦੇ ਦੋਸ਼ਾਂ ਨੂੰ ਗਲਤ ਕਿਹਾ ਹੈ। ਉੱਤਰੀ ਲੰਡਨ 'ਚ ਇੱਕ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰੀਤੀ ਪਟੇਲ 'ਤੇ ਪੂਰਾ ਭਰੋਸਾ ਹੈ। ਉਨ੍ਹਾਂ ਕਿਹਾ, 'ਮੈਨੂੰ ਲੱਗਦਾ ਹੈ ਕਿ ਉਹ ਸ਼ਾਨਦਾਰ ਗ੍ਰਹਿ ਮੰਤਰੀ ਹਨ, ਜੋ ਕੋਈ ਗ੍ਰਹਿ ਮੰਤਰੀ ਰਿਹਾ ਹੈ, ਉਹ ਦੱਸ ਸਕਦਾ ਹੈ ਕਿ ਇਹ ਸਰਕਾਰ ਦੇ ਸਭ ਤੋਂ ਮੁਸ਼ਕਲ ਅਹੁਦਿਆਂ 'ਚੋਂ ਇੱਕ ਹੈ।' ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਸਿਵਲ ਸਰਵਿਸ ਦੇ ਲੋਕਾਂ ਅਤੇ ਉਨ੍ਹਾਂ ਦੇ ਕੰਮ ਦਾ ਉਹ ਪੂਰਾ ਸਨਮਾਨ ਕਰਦੇ ਹਨ। ਵਰਨਣ ਯੋਗ ਹੈ ਕਿ ਕੱਲ੍ਹ ਜਾਰੀ ਬਿਆਨ 'ਚ ਸਰ ਫਿਲਿਪ ਨੇ ਕਿਹਾ ਸੀ ਕਿ ਪਟੇਲ ਕਰਮਚਾਰੀਆਂ ਨਾਲ ਗਲਤ ਵਿਹਾਰ ਕਰਦੀ ਅਤੇ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਕਾਨੂੰਨੀ ਕਾਰਵਾਈ ਕਰਨ ਦੀ ਵੀ ਗੱਲ ਕਹੀ ਸੀ।

# ਆਸੀਆ ਨੇ ਮੈਕਰੋਂ ਅੱਗੇ ਨਾਗਰਿਕਤਾ ਦੀ ਅਪੀਲ ਕੀਤੀ



ਪੈਰਿਸ, 3 ਮਾਰਚ (ਪੋਸਟ ਬਿਊਰੋ)- ਪਾਕਿਸਤਾਨੀ ਮੂਲ ਦੀ ਈਸਾਈ ਔਰਤ ਆਸੀਆ ਬੀਬੀ ਨੂੰ 2020 'ਚ ਅੱਲ੍ਹਾ ਦੀ ਤੌਹਨੀ ਦੇ ਝੂਠੇ ਕੇਸ ਵਿੱਚ ਫਸਾ ਕੇ ਪਾਕਿਸਤਾਨੀ ਅਦਾਲਤਾਂ ਵੱਲੋਂ ਸੁਣਾਏ ਫਾਂਸੀ ਦੇ ਹੁਕਮ ਦੇ ਪਿੱਛੋਂ ਉਸ ਨੇ ਅੱਠ ਸਾਲ ਜੇਲ੍ਹ ਕੱਟੀ ਸੀ। ਬਾਅਦ 'ਚ ਪਾਕਿਸਤਾਨੀ ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਦੇ ਫੈਸਲੇ ਰੱਦ ਕਰਕੇ ਆਸੀਆ ਬੀਬੀ ਨੂੰ ਬਾਇੱਜ਼ਤ ਬਰੀ ਕਰ ਦਿਤਾ ਤਾਂ ਉਸ ਨੂੰ ਮੁਲਤਾਨ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਵਿਰੋਧ ਵਿੱਚ ਕੱਟੜਪੰਥੀਆਂ ਨੇ ਹਿੰਸਕ ਪ੍ਰਦਰਸ਼ਨ ਕੀਤੇ ਸਨ। ਇਸ ਨੂੰ ਵੇਖਦੇ ਹੋਏ ਰਿਹਾਈ ਪਿੱਛੋਂ ਆਸੀਆ ਅੱਜਕੱਲ੍ਹ ਫਰਾਂਸ ਵਿੱਚ ਰਹਿ ਰਹੀ ਹੈ। ਆਸੀਆ ਨੇ ਕੱਲ੍ਹ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਮੁਲਾਕਤ ਕਰਕੇ ਆਪਣੇ ਰਹਿਣ ਲਈ ਪੱਕੇ ਸਟੇਅ ਦੀ ਅਪੀਲ ਕੀਤੀ ਹੈ। ਉਸ ਬੀਬੀ ਦੇ ਦੱਸਣ ਮੁਤਾਬਕ ਉਸ ਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਜਦੋਂ ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਨੇ ਉਸ ਨੂੰ ਬੜੇ ਆਦਰ ਸਹਿਤ ਸੁਣਿਆ ਅਤੇ ਜੀ ਆਇਆ ਕਿਹਾ, ਜਿਸ 'ਤੇ ਉਹ ਰਾਸ਼ਟਰਪਤੀ ਦੀ ਬਹੁਤ ਧੰਨਵਾਦੀ ਹੈ।

# ਅੰਡੇਮਾਨ ਦੀ ਜੇਲ੍ਹ ਅੱਗੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੇ ਬੁੱਤ ਲਾਉਣ ਦੀ ਸਿਫ਼ਾਰਸ਼



ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀ ਇੱਕ ਕਮੇਟੀ ਨੇ ਆਜ਼ਾਦੀ ਦੀ ਲੜਾਈ ਵੇਲੇ ਅੰਡੇਮਾਨ ਤੇ ਨਿਕੋਬਾਰ 'ਚ ਜੇਲ੍ਹਾਂ ਭੁਗਤਣ ਦੀਆਂ ਕੁਰਬਾਨੀਆਂ ਦੇਣ ਵਾਲੇ ਪੰਜਾਬੀ ਆਜ਼ਾਦੀ ਘੁਲਾਟੀਆਂ ਦੀ ਯਾਦ 'ਚ ਉਥੋਂ ਦੀ ਸੈਲੂਲਰ ਜੇਲ੍ਹ ਦੇ ਬਾਹਰ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੇ ਬੁੱਤ ਲਾਉਣ ਅਤੇ ਉਨ੍ਹਾਂ ਦੀ ਯਾਦ 'ਚ ਲਾਈਟ ਐਂਡ ਸਾਊਂਡ ਪ੍ਰੋਗਰਾਮ ਸ਼ੁਰੂ ਕਰਨ ਦੀ ਸਿਫ਼ਰਾਸ਼ ਕੀਤੀ ਹੈ।

ਵਰਨਣ ਯੋਗ ਹੈ ਕਿ ਆਜ਼ਾਦੀ ਦੀ ਲੜਾਈ ਦੌਰਾਨ ਅੰਡੇਮਾਨ 'ਚ ਪੰਜਾਬੀਆਂ ਦੀ ਸ਼ਹਾਦਤ ਨਾਲ ਜੁੜੀ ਜਾਣਕਾਰੀ ਹਾਸਲ ਕਰਨ ਲਈ ਸਪੀਕਰ ਰਾਣਾ ਕੇ ਪੀ ਸਿੰਘ ਨੇ ਇੱਕ ਕਮੇਟੀ ਬਣਾਈ ਸੀ, ਜਿਸ 'ਚ ਅੱਠ ਵਿਧਾਇਕ ਸਨ। ਕਾਂਗਰਸ ਵਿਧਾਇਕ ਅਤੇ ਕਮੇਟੀ ਦੇ ਚੇਅਰਮੈਨ ਹਰਪ੍ਰਤਾਪ ਸਿੰਘ ਅਜਨਾਲਾ ਨੇ ਕੱਲ੍ਹ ਇਸ ਦੀ ਰਿਪੋਰਟ ਸਦਨ ਨੂੰ ਸੌਂਪੀ। ਕਮੇਟੀ ਵੱਲੋਂ ਕੀਤੀਆਂ ਸਿਫ਼ਰਾਸ਼ਾਂ ਬਾਰੇ ਹਰਪ੍ਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਆਜ਼ਾਦੀ ਦੀ ਲੜਾਈ ਵਿੱਚ ਅਹਿਮ ਯੋਗਦਾਨ ਦੇਣ ਵਾਲੇ ਪੰਜਾਬੀਆਂ ਅਤੇ ਕਾਲੇ ਪਾਣੀ ਵਿੱਚ ਰੱਖੇ ਗਏ ਪੰਜਾਬੀਆਂ ਦੇ ਬੁੱਤ ਰਾਜ ਸਰਕਾਰ ਨੂੰ ਅੰਡੇਮਾਨ ਅਤੇ ਨਿਕੋਬਾਰ ਪ੍ਰਸ਼ਾਸਨ ਨਾਲ ਸਲਾਹ ਮਸ਼ਵਰਾ ਕਰਕੇ ਜੇਲ੍ਹ ਦੇ ਬਾਹਰ ਲਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕਮੇਟੀ ਨੇ ਕੈਂਪਬੇਲ ਬੇਅ ਦੀਪ ਦਾ ਨਾਂਅ 'ਪੰਜਾਬੀ ਟਾਪੂ' ਰੱਖਣ ਦੀ ਵੀ ਸਿਫ਼ਾਰਸ਼ ਕੀਤੀ ਹੈ।


ASIAN FOOD CENTRE



FRESH & LARGE VARIETY

Bread , Derry & Eggs | Fruits & Vegetables | Sweet & Samosas

Branded Foods | Beverages & Confectionery | Grocery & Staples

VEGETARIAN FOOD
HEALTHY EATING



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

# ਸ਼੍ਰੋਮਣੀ ਕਮੇਟੀ ਦੇ ਰਾਗੀਆਂ ਨੂੰ ਕਰਤਾਰਪੁਰ ਵਿੱਚ ਕੀਰਤਨ ਕਰਨ ਦੀ ਪ੍ਰਵਾਨਗੀ ਮਿਲੀ

ਅੰਮ੍ਰਿਤਸਰ, 3 ਮਾਰਚ (ਪੋਸਟ ਬਿਊਰੋ)- ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਵਿਖੇ ਭਾਰਤ ਅਤੇ ਹੋਰ ਦੇਸ਼ਾਂ ਤੋਂ ਆਉਣ ਵਾਲੇ ਰਾਗੀਆਂ ਨੂੰ ਕੀਰਤਨ ਕਰਨ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਜੀ ਪੀ ਸੀ) ਨੇ ਪ੍ਰਵਾਨਗੀ ਦੇਣ ਦਾ ਫ਼ੈਸਲਾ ਕੀਤਾ ਹੈ, ਪਰ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਦੇ ਪ੍ਰਬੰਧ ਲਈ ਭਾਰਤ ਵਿੱਚੋਂ ਲਾਂਗਰੀ ਭੇਜਣ ਦੀ ਤਜਵੀਜ਼ ਰੱਦ ਕਰ ਦਿੱਤੀ ਹੈ।

ਪੀ ਜੀ ਪੀ ਸੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਇਸ ਬਾਰੇ ਕਿਹਾ ਕਿ ਭਾਰਤ ਵਿੱਚੋਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾਂਦੇ ਰਾਗੀ ਜਥਿਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਗੁਰਬਾਣੀ ਦਾ ਕੀਰਤਨ ਕਰਨ ਦੀ ਪ੍ਰਵਾਨਗੀ ਦੇਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਿਰਫ਼ ਭਾਰਤ ਨਹੀਂ, ਕਿਸੇ ਵੀ ਦੇਸ਼ ਤੋਂ ਆਉਂਦੇ ਰਾਗੀਆਂ ਨੂੰ ਗੁਰਬਾਣੀ ਦਾ ਕੀਰਤਨ ਕਰਨ ਦੀ ਆਗਿਆ ਦਿੱਤੀ ਜਾਵੇਗੀ। ਇਹ ਰਾਗੀ ਮਿਥੇ ਸਮੇਂ ਲਈ ਗੁਰਬਾਣੀ ਦਾ ਕੀਰਤਨ ਕਰਨਗੇ। ਇਨ੍ਹਾਂ ਰਾਗੀਆਂ ਨੂੰ ਆਮ ਸ਼ਰਧਾਲੂਆਂ ਵਾਂਗ ਸਵੇਰੇ ਆ ਕੇ ਸ਼ਾਮ ਨੂੰ ਵਾਪਸ ਜਾਣਾ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤ-ਪਾਕਿਸਤਾਨ ਸਰਕਾਰਾਂ ਵਿਚਾਲੇ ਹੋਏ ਸਮਝੌਤੇ ਮੁਤਾਬਕ ਸ਼ਰਧਾਲੂ ਸਵੇਰੇ ਮੱਥਾ ਟੇਕਣ ਲਈ ਲਾਂਘੇ ਰਾਹੀਂ ਗੁਰਦੁਆਰਾ ਕਰਤਾਰ-ਪੁਰ ਪੁੱਜਣਗੇ ਅਤੇ ਸ਼ਾਮ ਨੂੰ ਲਾਂਘੇ ਰਾਹੀਂ ਵਾਪਸ ਜਾਣਗੇ। ਉਨ੍ਹਾਂ ਕਿਹਾ ਕਿ ਗੁਰਦੁਆਰੇ ਵਿੱਚ ਰਾਗੀਆਂ ਨੂੰ ਕੀਰਤਨ ਕਰਨ ਦੀ ਆਗਿਆ ਦਿੱਤੀ ਜਾਵੇਗੀ, ਪਰ ਸ਼੍ਰੋਮਣੀ ਕਮੇਟੀ ਦੀ ਦੂਜੀ ਤਜਵੀਜ਼ ਰੱਦ ਕਰ ਦਿੱਤੀ ਹੈ, ਜਿਸ ਵਿੱਚ ਉਨ੍ਹਾਂ ਗੁਰਦੁਆਰਾ ਕਰਤਾਰਪੁਰ ਵਿੱਚ ਲੰਗਰ ਤਿਆਰ ਕਰਨ ਲਈ ਭਾਰਤ ਤੋਂ ਲਾਂਗਰੀ ਭੇਜਣ ਦੀ ਪ੍ਰਵਾਨਗੀ ਮੰਗੀ ਸੀ। ਉਨ੍ਹਾਂ ਆਖਿਆ ਕਿ ਗੁਰਦੁਆਰੇ ਵਿੱਚ ਲੰਗਰ ਦਾ ਪ੍ਰਬੰਧ ਪੀ ਜੀ ਪੀ ਸੀ ਵੱਲੋਂ ਕੀਤਾ ਜਾਵੇਗਾ। ਇਸ ਸਬੰਧੀ ਪੀ ਜੀ ਪੀ ਸੀ ਵੱਲੋਂ ਗੁਰਦੁਆਰੇ ਵਿੱਚ ਸੇਵਾ ਵਾਸਤੇ 150 ਵਿਅਕਤੀਆਂ ਦਾ ਅਮਲਾ ਭਰਤੀ ਕੀਤਾ ਗਿਆ ਹੈ।

# ਵਿਦੇਸ਼ ਭੇਜਣ ਬਹਾਨੇ ਠੱਗਣ ਵਾਲਾ ਫਰਜ਼ੀ ਟ੍ਰੈਵਲ ਏਜੰਟ ਫੜਿਆ

ਅਲਾਵਲਪੁਰ, 3 ਮਾਰਚ (ਪੋਸਟ ਬਿਊਰੋ)- ਜ਼ਿਲਾ ਜਲੰਧਰ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਦੇ ਦੋਸ਼ ਵਿੱਚ ਹਰਿੰਦਰ ਪਾਲ ਸਿੰਘ ਉਰਫ ਹੈਰੀ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਹੈ। ਅਲਾਵਲਪੁਰ ਚੌਕੀ ਦੇ ਇੰਚਾਰਜ ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਪਿੰਡ ਨੌਲੀ ਦੇ ਸਾਬਕਾ ਸਰਪੰਚ ਰਣਜੀਤ ਸਿੰਘ ਨੇ ਆਪਣੇ ਭਤੀਜੇ ਨੂੰ ਜਾਰਜੀਆ ਭੇਜਣ ਲਈ ਹਰਿੰਦਰਪਾਲ ਸਿੰਘ ਉਰਫ ਹੈਰੀ ਵਾਸੀ ਅਲਾਵਲਪੁਰ ਨੂੰ ਇੱਕ ਲੱਖ 72 ਹਜ਼ਾਰ ਰੁਪਏ ਅਤੇ ਪਾਸਪੋਰਟ ਦਿੱਤਾ ਸੀ। ਕਾਫੀ ਸਮਾਂ ਬੀਤਣ 'ਤੇ ਦੋਸ਼ੀ ਨੇ ਭਤੀਜੇ ਨੂੰ ਨਾ ਵਿਦੇਸ਼ ਭੇਜਿਆ ਅਤੇ ਨਾ ਪੈਸੇ ਵਾਪਸ ਕੀਤੇ। ਜਦ ਕਾਨੂੰਨੀ ਕਾਰਵਾਈ ਕਰਨ ਦਾ ਦਬਾਅ ਬਣਾਇਆ ਤਾਂ ਦੋਸ਼ੀ ਨੇ 56 ਹਜ਼ਾਰ ਰੁਪਏ ਤੇ ਪਾਸਪੋਰਟ ਵਾਪਸ ਕਰ ਦਿੱਤਾ ਤੇ ਬਾਕੀ ਰਕਮ ਛੇਤੀ ਵਾਪਸ ਕਰਨ ਦਾ ਵਾਅਦਾ ਕੀਤਾ, ਪਰ ਰਕਮ ਵਾਪਸ ਨਹੀਂ ਕੀਤੀ ਅਤੇ ਉਹ ਅੰਡਰ ਗਰਾਊਂਡ ਹੋ ਗਿਆ। ਇਸ ਦੇ ਬਾਅਦ ਸਾਬਕਾ ਸਰਪੰਚ ਰਣਜੀਤ ਸਿੰਘ ਨੇ ਥਾਣਾ ਆਦਮਪੁਰ ਵਿੱਚ ਇਸ ਟ੍ਰੈਵਲ ਏਜੰਟ ਦੇ ਖਿਲਾਫ ਸ਼ਿਕਾਇਤ ਦਿੱਤੀ ਸੀ। ਥਾਣਾ ਆਦਮਪੁਰ ਪੁਲਸ ਨੇ 12 ਅਪ੍ਰੈਲ 2019 ਨੂੰ ਹਰਿੰਦਰਪਾਲ ਸਿੰਘ ਹੈਰੀ ਦੇ ਖਿਲਾਫ ਕੇਸ ਦਰਜ ਕੀਤਾ। ਚੌਕੀ ਇੰਚਾਰਜ ਰਵਿੰਦਰ ਸਿੰਘ ਨੇ ਸੂਚਨਾ ਦੇ ਆਧਾਰ 'ਤੇ ਛਾਪਾ ਮਾਰ ਕੇ ਹਰਿੰ-ਦਰਪਾਲ ਸਿੰਘ ਹੈਰੀ ਨੂੰ ਉਸ ਦੇ ਘਰੋਂ ਕਾਬੂ ਕਰ ਲਿਆ।

# ਕੈਚਮੈਂਟ ਏਰੀਆ ਵਿੱਚ ਮਕਾਨਾਂ ਦੀ ਆਗਿਆ ਦੇਣ ਤੋਂ ਪੰਜਾਬ ਤੇ ਹਰਿਆਣਾ ਨੂੰ 100-100 ਕਰੋੜ ਜੁਰਮਾਨਾ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਸੁਖਨਾ ਲੇਕ ਦੀ ਹੋਂਦ ਬਣਾਈ ਰੱਖਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੱਲਦੇ ਕੇਸ ਦਾ ਫੈਸਲਾ ਆ ਗਿਆ ਹੈ, ਜਿਸ ਵਿੱਚ ਲੇਕ ਨੇੜੇ 1085 ਮੀਟਰ ਦੇ ਘੇਰੇ ਵਿੱਚ ਬਣੇ ਸਾਰੇ ਮਕਾਨ ਨੱਬੇ ਦਿਨਾਂ ਵਿੱਚ ਹਟਾਉਣ ਦੇ ਹੁਕਮ ਦਿੱਤੇ ਗਏ ਹਨ। ਇਨ੍ਹਾਂ ਵਿੱਚ ਨਯਾਗਾਓਂ, ਕਾਂਸਲ ਅਤੇ ਕਰੋਰਾਂ ਪਿੰਡ ਦਾ ਕੁਝ ਹਿੱਸਾ ਵੀ ਸ਼ਾਮਲ ਹੈ, ਜਿੱਥੇ ਕਰੀਬ ਦੋ ਹਜ਼ਾਰ ਮਕਾਨ ਬਣ ਚੁੱਕੇ ਹਨ।




ਪੰਜਾਬ ਸਰਕਾਰ ਵੱਲੋਂ ਮਾਸਟਰ ਪਲਾਨ ਵਿੱਚ ਕੈਚਮੈਂਟ ਏਰੀਏ ਵਿੱਚ ਦੋ ਹੋਰ ਜ਼ੋਨ ਸ਼ਾਮਲ ਕਰਨ ਦਾ ਅਦਾਲਤ ਨੇ ਸਖਤ ਐਕਸ਼ਨ ਲਿਆ ਅਤੇ ਪੰਜਾਬ ਤੇ ਹਰਿਆਣਾ ਸਰਕਾਰ ਨੂੰ 100-100 ਕਰੋੜ ਰੁਪਏ ਜੁਰਮਾਨਾ ਲਾਇਆ ਹੈ। ਇਹ ਰਾਸ਼ੀ ਤਿੰਨ ਮਹੀਨੇ ਦੇ ਅੰਦਰ ਜਮ੍ਹਾ ਕਰਾਉਣੀ ਹੋਵੇਗੀ ਅਤੇ ਇਸ ਨਾਲ ਕੈਚਮੈਂਟ ਏਰੀਏ ਨੂੰ ਰੀ-ਸਟੋਰ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ 'ਤੇ ਵੀ ਸਖਤ ਕਾਰਵਾਈ ਕਰਨ ਨੂੰ ਕਿਹਾ ਗਿਆ ਹੈ, ਜਿਨ੍ਹਾਂ ਦੀ ਮਿਲੀਭੁਗਤ ਕਾਰਨ ਏਰੀਆ ਵਿੱਚ ਨਾਜਾਇਜ਼ ਉਸਾਰੀ ਦੀ ਮਨਜ਼ੂਰੀ ਦਿੱਤੀ ਗਈ। ਇਸ ਦੇ ਲਈ ਹਾਈ ਕੋਰਟ ਨੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਬਣਾਉਣ ਦੀ ਗੱਲ ਕਹੀ ਹੈ। ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸਾਲ 2011 ਤੋਂ ਪਿੱਛੋਂ ਹੋਏ ਨਿਰਮਾਣਾਂ ਨੂੰ ਡੇਗਣ 'ਤੇ ਕਿਸੇ ਨੂੰ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ, ਪਰ 2011 ਤੋਂ ਪਹਿਲਾਂ ਕੈਚਮੈਂਟ ਏਰੀਏ ਵਿੱਚ ਬਣੇ ਮਕਾਨਾਂ ਨੂੰ ਡੇਗਣ ਦੇ 25 ਲੱਖ ਪ੍ਰਤੀ ਨਿਰਮਾਣ ਮੁਆਵਜ਼ਾ ਦਿੱਤਾ ਜਾਵੇਗਾ। ਅਦਾਲਤ ਨੇ ਸਰਵੇ ਆਫ ਇੰਡੀਆ ਦਾ ਸਤੰਬਰ 2004 ਦੇ ਸਰਵੇ ਮੈਪ ਨੂੰ ਆਧਾਰ ਬਣਾ ਕੇ ਕੈਚਮੈਂਟ ਏਰੀਆ 1085 ਮੀਟਰ ਮਿਥ ਕੇ ਉਕਤ ਹੁਕਮ ਦਿੱਤੇ ਹਨ।

# ਮਾਨਸਾ ਦੀ ਸਾਬਕਾ ਡਿਪਟੀ ਕਮਿਸ਼ਨਰ ਉੱਤੇ ਰਿਸ਼ਵਤ ਮੰਗਣ ਦਾ ਦੋਸ਼

ਮਾਨਸਾ, 3 ਮਾਰਚ (ਪੋਸਟ ਬਿਊਰੋ)- ਏਥੋਂ ਦੇ ਇੱਕ ਸ਼ੈਲਰ ਮਾਲਕ ਨੇ ਮਾਨਸਾ ਦੀ ਸਾਬਕਾ ਡਿਪਟੀ ਕਮਿਸ਼ਨਰ ਅਪਨੀਤ ਰਿਆਤ, ਉਸ ਦੇ ਪਤੀ ਅਤੇ ਸਹੁਰੇ ਦੇ ਖਿਲਾਫ ਰਿਸ਼ਵਤ ਲੈਣ ਅਤੇ ਧਮਕਾਉਣ ਦਾ ਦੋਸ਼ ਲਾ ਕੇ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਹੈ ਅਤੇ ਹਾਈ ਕੋਰਟ ਨੇ ਇਸ ਸੰਬੰਧ ਵਿੱਚ ਨੋਟਿਸ ਜਾਰੀ ਕਰ ਦਿੱਤਾ ਹੈ। ਅਪਨੀਤ ਰਿਆਤ ਅੱਜ ਕੱਲ੍ਹ ਹੁਸ਼ਿਆਰਪੁਰ ਵਿੱਚ ਡੀ ਸੀ ਦੇ ਅਹੁਦੇ ਉੱਤੇ ਤੈਨਾਤ ਹਨ। ਸ਼ੈਲਰ ਮਾਲਕ ਗੋਰਾ ਲਾਲ ਨੇ ਦੱਸਿਆ ਹੈ ਕਿ ਉਸ ਨੇ ਪਿੰਡ ਦਾਤੇਵਾਸ ਵਿੱਚ ਸ਼ੈਲਰ ਲਾਇਆ ਹੈ। ਉਸ ਵਕਤ ਦੀ ਡਿਪਟੀ ਕਮਿਸ਼ਨਰ (ਡੀ ਸੀ) ਮਾਨਸਾ ਅਪਨੀਤ ਰਿਆਤ ਪਿੰਡ ਦਾਤੇਵਾਸ ਵਿੱਚ ਵਿਆਹੀ ਹੋਣ ਕਾਰਨ ਉਸ ਦਾ ਸਹੁਰਾ ਅਤੇ ਪਤੀ ਐੱਚ ਐੱਸ ਮਾਨ, ਜਿਹੜਾ ਡੀ ਐੱਸ ਪੀ ਹੈ, ਇਸ ਸ਼ੈਲਰ ਵਿੱਚ ਹਿੱਸਾ ਪਾਉਣਾ ਚਾਹੁੰਦੇ ਸਨ। ਡੀ ਸੀ ਮਾਨਸਾ ਦਾ ਪਰਵਾਰ ਉਸ ਦੇ ਪਰਵਾਰ ਨੂੰ ਧਮਕਾਉਣ ਲੱਗ ਪਿਆ। ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਗਈ, ਪਰ ਕੋਈ ਕਾਰਵਾਈ ਨਹੀਂ ਹੋਈ। ਮਾਨਸਾ ਦੀ ਡੀ ਸੀ ਰਹਿਣ ਦੌਰਾਨ ਅਪਨੀਤ ਰਿਆਤ ਨੇ ਇੱਕ ਦਰਖਾਸਤ ਲੈ ਕੇ ਇਸ ਸ਼ੈਲਰ ਵਾਲੀ ਜ਼ਮੀਨ ਦਾ ਇੰਤਕਾਲ ਰੱਦ ਕਰ ਦਿੱਤਾ। ਆਪਸੀ ਰਾਜ਼ੀਨਾਮੇ ਹੇਠ ਦੋਸ਼ੀਆਂ ਨੇ ਉਸ ਤੋਂ 25 ਲੱਖ ਰੁਪਏ ਲੈ ਲਏ। ਹਾਈ ਕੋਰਟ ਨੇ ਇਸ ਸੰਬੰਧ ਵਿੱਚ 17 ਅਪ੍ਰੈਲ ਲਈ ਨੋਟਿਸ ਜਾਰੀ ਕੀਤਾ ਹੈ, ਪਰ ਡੀ ਸੀ ਅਪਨੀਤ ਰਿਆਤ ਦਾ ਕਹਿਣਾ ਹੈ ਕਿ ਸਾਰੇ ਦੋਸ਼ ਬੇਬੁਨਿਆਦ ਹਨ।

# ਨੌਕਰੀ ਦਿੱਤੇ ਬਿਨਾਂ ਦੁਬਈ ਵਿੱਚ ਕਮਰੇ ਵਿੱਚ ਪੰਜ ਦਿਨ ਬੰਦ ਰੱਖ ਕੇ ਘਰੀਂ ਮੋੜ ਦਿੱਤਾ

ਖੰਨਾ, 3 ਮਾਰਚ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਲਲੋੜੀ ਕਲਾਂ ਦੀਆਂ ਦੋ ਲੜਕੀਆਂ ਨੂੰ ਟ੍ਰੈਵਲ ਏਜੰਟ ਨੇ ਨੌਕਰੀ ਦੇ ਲਈ ਦੁਬਈ ਭੇਜਿਆ ਸੀ, ਪਰ ਇਨ੍ਹਾਂ ਨੂੰ ਦੁਬਈ ਪਹੁੰਚ ਕੇ ਨੌਕਰੀ ਦਿਵਾਉਣ ਦੀ ਥਾਂ ਪੰਜ ਦਿਨ ਇੱਕ ਕਮਰੇ ਵਿੱਚ ਕੈਦ ਕਰ ਕੇ ਰੱਖਿਆ ਗਿਆ ਅਤੇ ਫਿਰ ਵਾਪਸ ਭੇਜ ਦਿੱਤਾ ਹੈ। ਇਨ੍ਹਾਂ ਲੜਕੀਆਂ ਨੇ ਵਾਪਸ ਆ ਕੇ ਇਸ ਦੀ ਸ਼ਿਕਾਇਤ ਐੱਸ ਐੱਸ ਪੀ ਖੰਨਾ ਹਰਪ੍ਰੀਤ ਸਿੰਘ ਨੂੰ ਕੀਤੀ ਤਾਂ ਪੁਲਸ ਨੇ ਮਹਿਲਾ ਟ੍ਰੈਵਲ ਏਜੰਟ ਨੂੰ ਹਿਰਾਸਤ ਵਿੱਚ ਲੈ ਕੇ ਜਾਂਚ ਸ਼ੁਰੂ ਕੀਤੀ ਹੈ। ਅਜੇ ਤੱਕ ਪੁਲਸ ਨੇ ਇਸ ਦਾ ਕੇਸ ਦਰਜ ਨਹੀਂ ਕੀਤਾ।

ਪੀੜਤਾ ਸੀਮਾ ਰਾਣੀ ਅਤੇ ਮੀਨਾ ਰਾਣੀ ਪਿੰਡ ਲਲੋੜੀ ਕਲਾਂ ਨੇ ਦੱਸਿਆ ਕਿ ਮਹਿਲਾ ਟ੍ਰੈਵਲ ਏਜੰਟ ਪਰਵਿੰਦਰ ਕੌਰ ਵਾਸੀ ਹੁਸ਼ਿਆਰਪੁਰ ਨੇ ਉਨ੍ਹਾਂ ਨੂੰ ਦੁਬਈ ਵਿੱਚ ਕਿਸੇ ਦੇ ਘਰ ਨੌਕਰੀ ਲਵਾਉਣ ਦੇ ਝਾਂਸੇ ਨਾਲ 35-35 ਹਜ਼ਾਰ ਰੁਪਏ ਲੈ ਕੇ ਦੁਬਈ ਭੇਜਿਆ ਸੀ। ਲੜਕੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਚੰਗੇ ਘਰਾਂ ਵਿੱਚ ਨੌਕਰੀ ਅਤੇ ਮੁਫਤ ਖਾਣਾ ਅਤੇ 22 ਹਜ਼ਾਰ ਰੁਪਏ ਮਹੀਨਾ ਤਨਖਾਹ ਮਿਲੇਗੀ। ਇਸ ਉੱਤੇ ਉਹ ਦੋਵੇਂ 24 ਫਰਵਰੀ ਨੂੰ ਦਿੱਲੀ ਏਅਰਪੋਰਟ ਤੋਂ ਦੁਬਈ ਨੂੰ ਰਵਾਨਾ ਹੋਈਆਂ। ਉਥੇ ਉਨ੍ਹਾਂ ਨੂੰ ਲੈਣ ਵਾਸਤੇ ਆਈ ਇੱਕ ਮਹਿਲਾ ਉਨ੍ਹਾਂ ਨੂੰ ਹੋਟਲ ਦੀ ਬਜਾਏ ਇੱਕ ਕੈਂਪ ਵਿੱਚ ਲੈ ਗਈ ਅਤੇ ਉਸ ਨੇ ਉਨ੍ਹਾਂ ਤੋਂ ਪੈਸੇ ਅਤੇ ਪਾਸਪੋਰਟ ਮੰਗਿਆ। ਪਾਸਪੋਰਟ ਨਾ ਦੇਣ 'ਤੇ ਉਕਤ ਮਹਿਲਾ ਨੇ ਕੈਂਪ ਵਿੱਚ ਬਣੇ ਇੱਕ ਕਮਰੇ ਵਿੱਚ ਉਨ੍ਹਾਂ ਨੂੰ ਬੰਦ ਕਰ ਦਿੱਤਾ। ਲਗਭਗ ਪੰਜ ਦਿਨ ਉਨ੍ਹਾਂ ਨੂੰ ਖਾਣਾ ਤੱਕ ਨਹੀਂ ਦਿੱਤਾ ਗਿਆ ਤੇ ਉਹ ਥੋੜ੍ਹੀ ਬਹੁਤ ਨਮਕੀਨ ਖਾ ਕੇ ਢਿੱਡ ਭਰਦੀਆਂ ਰਹੀਆਂ। ਉਨ੍ਹਾਂ ਨੇ ਜਦ ਉਕਤ ਮਹਿਲਾ ਨੂੰ ਕੰਮ 'ਤੇ ਲਾਉਣ ਦੀ ਗੱਲ ਕਹੀ ਤਾਂ ਉਹ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇਣ ਲੱਗੀ। ਉਨ੍ਹਾਂ ਨੇ ਵਾਰ-ਵਾਰ ਜਦ ਪਰਵਿੰਦਰ ਕੌਰ ਨੂੰ ਫੋਨ ਕਰ ਕੇ ਉਨ੍ਹਾਂ ਨੂੰ ਵਾਪਸ ਬੁਲਾਉਣ ਦੀ ਗੱਲ ਕਹੀ ਤਾਂ ਉਹ ਉਨ੍ਹਾਂ ਤੋਂ ਲੱਖਾਂ ਰੁਪਏ ਮੰਗਣ ਲੱਗੀ। ਇਸੇ ਦੌਰਾਨ ਦੋਵਾਂ ਦੇ ਪਰਵਾਰਾਂ ਨੇ ਪਰਵਿੰਦਰ ਕੌਰ ਨੂੰ ਹੋਰ 2.17 ਲੱਖ ਰੁਪਏ ਉਨ੍ਹਾਂ ਨੂੰ ਵਾਪਸ ਬੁਲਾਉਣ ਲਈ ਦਿੱਤੇ ਤਾਂ ਉਹ ਕਿਸੇ ਤਰ੍ਹਾਂ ਵਾਪਸ ਆਈਆਂ। ਉਨ੍ਹਾਂ ਨੇ ਮੰਗ ਕੀਤੀ ਕਿ ਦੋਸ਼ੀਆਂ 'ਤੇ ਸਖਤ ਕਾਰਵਾਈ ਕੀਤੀ ਜਾਏ।

# ਫਿਲਮ 'ਸ਼ੂਟਰ' ਪੰਜਾਬ ਵਿੱਚ ਰਿਲੀਜ਼ ਨਹੀਂ ਹੋਵੇਗੀ

*** ਹਾਈ ਕੋਰਟ ਵਿੱਚ ਪ੍ਰੋਡਿਊਸਰ ਪਟੀਸ਼ਨ ਰੱਦ**

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਗੈਂਗਸਟਰ ਸੁੱਖਾ ਕਾਹਲਵਾਂ ਬਾਰੇ ਬਣੀ ਫਿਲਮ ਸ਼ੂਟਰ ਦੀ ਰਿਲੀਜ਼ ਉਤੇ ਰੋਕ ਲਾਉਣ ਦੇ ਪੰਜਾਬ ਸਰਕਾਰ ਦੇ ਫੈਸਲੇ 'ਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਮੋਹਰ ਲਾ ਦਿੱਤੀ ਹੈ।

ਹਾਈ ਕੋਰਟ ਨੇ ਪਟੀਸ਼ਨਰ ਦੇ ਵਕੀਲ ਨੂੰ ਸਪੱਸ਼ਟ ਕਰਨ ਲਈ ਕਿਹਾ ਕਿ ਜਿਸ ਵਿਅਕਤੀ 'ਤੇ ਫਿਲਮ ਬਾਰੇ ਕੇਸ ਦਰਜ ਹੋਇਆ ਹੈ ਅਤੇ ਜੋ ਵਿਅਕਤੀ ਪਟੀਸ਼ਨ ਦਾਖਲ ਕਰ ਰਿਹਾ ਹੈ, ਉਹ ਦੋਵੇਂ ਇੱਕੋ ਹਨ। ਵਕੀਲ ਇਸ ਦਾ ਜਵਾਬ ਨਹੀਂ ਦੇ ਸਕਿਆ, ਜਿਸ 'ਤੇ ਕੋਰਟ ਨੇ ਪਟੀਸ਼ਨ ਰੱਦ ਕਰ ਦਿੱਤੀ। ਕੋਰਟ ਦਾ ਕਹਿਣਾ ਹੈ ਕਿ ਜਦੋਂ ਪਟੀਸ਼ਨਰ ਦੇ ਵਕੀਲ ਨੂੰ ਇਹੋ ਨਹੀਂ ਪਤਾ ਕਿ ਕੇਸ ਵਿੱਚ ਸ਼ਾਮਲ ਅਤੇ ਪਟੀਸ਼ਨਰ ਇੱਕ ਹਨ ਜਾਂ ਵੱਖ-ਵੱਖ ਹਨ ਤਾਂ ਬਹਿਸ ਕਿਵੇਂ ਕਰਨਗੇ। ਪਟੀਸ਼ਨਰ ਫਿਲਮ ਪ੍ਰੋਡਿਊਸਰ ਦੇ ਵਕੀਲ ਨੇ ਕਿਹਾ ਸੀ ਕਿ ਫਿਲਮ ਨੂੰ ਬਿਨਾਂ ਵੇਖੇ ਰੋਕ ਲਾਉਣਾ ਨਿਆਂ ਸੰਗਤ ਨਹੀਂ ਹੈ। ਹਾਲੇ ਤੱਕ ਕਿਸੇ ਨੇ ਫਿਲਮ ਵੇਖੀ ਹੀ ਨਹੀਂ ਤਾਂ ਕਿਵੇਂ ਕਿਹਾ ਜਾ ਸਕਦਾ ਹੈ ਕਿ ਫਿਲਮ ਗੈਂਗਸਟਰ ਸੁੱਖਾ ਕਾਹਲਵਾਂ 'ਤੇ ਆਧਾਰਤ ਹੈ। ਉਨ੍ਹਾਂ ਕਿਹਾ ਸੀ ਕਿ ਇਸ 'ਤੇ ਰੋਕ ਲਾਉਣ ਦਾ ਅਧਿਕਾਰ ਸੈਂਸਰ ਬੋਰਡ ਕੋਲ ਹੈ, ਜਿਸ 'ਤੇ ਸਕਰੀਨਿੰਗ ਨਾ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ।

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton




## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਨਾਈ ਸਿੱਖ ਲੜਕਾ, ਕਲੀਨ ਸ਼ੇਵਡ, ਉੱਮਰ 34 ਸਾਲ, ਕੱਦ 6 ਫੁੱਟ, ਕੈਨੇਡੀਅਨ ਸਿਟੀਜਨ, ਸ਼ਾਕਾ ਹਾਰੀ, ਨਸ਼ਾ ਰਹਿਤ, ਵੈਲ ਸੈਟਲਡ, ਆਪਣਾ ਕਾਰੋਬਾਰ, ਤਲਾਕਸ਼ੁਦਾ ਲਈ ਖਾਨਦਾਨੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ, ਵਰਕ ਪਰਮਟ,ਵੀਜ਼ੇਟਰ ਵੀਜ਼ੇ ਤੇ ਆਏ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-524-8713

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710



UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



# 11ਵੀਂ ਕੌਮੀ ਪਸ਼ੂਧੰਨ ਚੈਂਪੀਅਨਸ਼ਿਪ ਦੁੱਧ ਚੋਆਈ ਦੇ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੋਈ ਸ਼ਾਨੋ-ਸ਼ੌਕਤ ਨਾਲ ਸਮਾਪਤ

ਬਟਾਲਾ, 3 ਮਾਰਚ (ਗਿਆਨ ਸਿੰਘ ): ਇਤਿਹਾਸਕ ਸ਼ਹਿਰ ਬਟਾਲਾ ਵਿਖੇ ਪੰਜਾਬ ਸਰਕਾਰ ਵਲੋਂ ਕਰਾਈ ਗਈ 11ਵੀਂ ਕੌਮੀ ਪਸ਼ੂਧੰਨ ਚੈਂਪੀਅਨਸ਼ਿਪ ਅਤੇ ਐਗਰੀ ਐਕਸਪੋ-2020 ਅੱਜ ਦੁੱਧ ਚੋਆਈ ਦੇ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੋਈ ਸ਼ਾਨੋ-ਸ਼ੌਕਤ ਨਾਲ ਨੇਪਰੇ ਚੜ੍ਹ ਗਈ। ਇਸ ਪਸ਼ੂਧੰਨ ਚੈਂਪੀਅਨਸ਼ਿਪ ਦੇ ਜੇਤੂ ਪਸ਼ੂ ਪਾਲਕਾਂ ਨੂੰ 2 ਕਰੋੜ ਰੁਪਏ ਦੇ ਨਕਦ ਇਨਾਮਾਂ ਦੀ ਵੰਡ ਸੂਬੇ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸਹਿਕਾਰਤਾ ਮੰਤਰੀ ਸ. ਸੁਖਜਿੰਦਰ ਸਿੰਘ ਰੰਧਾਵਾ ਨੇ ਸਾਂਝੇ ਤੌਰ 'ਤੇ ਕੀਤੀ।

11ਵੀਂ ਪਸ਼ੂਧੰਨ ਚੈਂਪੀਅਨਸ਼ਿਪ ਵਿੱਚ ਗਾਵਾਂ ਦੇ ਦੁੱਧ ਚੋਆਈ ਮੁਕਾਬਲੇ ਵਿੱਚ ਨਵਾਂ ਕੀਰਤੀਮਾਨ ਬਣਿਆ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਚਿਮਨਾ ਦੇ ਕਿਸਾਨ ਅਮਰਜੀਤ ਸਿੰਘ ਦੀ ਐਚ.ਐਫ ਗਾਂ ਨੇ ਇੱਕ ਦਿਨ ਵਿੱਚ 68.800 ਕਿਲੋ ਗ੍ਰਾਂਮ ਦੁੱਧ ਦੇ ਕੇ ਡੇਡ ਲੱਖ ਰੁਪਏ ਦਾ ਪਹਿਲਾ ਇਨਾਮ ਜਿੱਤਿਆ। ਇਸੇ ਕੈਟਾਗਰੀ ਵਿੱਚ ਸਾਂਝੇ ਤੌਰ 'ਤੇ ਦੂਜਾ ਸਥਾਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੋਹਲਾ ਦੇ ਕਿਸਾਨ ਸਰਬਜੀਤ ਸਿੰਘ ਦੀ ਗਾਂ ਅਤੇ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਪਿੰਡ ਗਾਲਿਬ ਖੇੜੀ ਦੇ ਕਿਸਾਨ ਬਲਦੇਵ ਸਿੰਘ ਦੀ ਗਾਂ ਨੇ ਬਰਾਬਰ 66.200 ਕਿਲੋ ਗ੍ਰਾਂਮ ਦੁੱਧ ਦੇ ਕੇ ਹਾਸਲ ਕੀਤਾ। ਏਨ੍ਹਾਂ ਦੋਵਾਂ ਪਸ਼ੂ ਪਾਲਕਾਂ ਨੂੰ 75500-75500 ਹਜ਼ਾਰ ਰੁਪਏ ਦਾ ਇਨਾਮ ਮਿਲਿਆ ਹੈ।

ਮੱਝ ਦੇ ਦੁੱਧ ਚੋਆਈ ਮੁਕਾਬਲੇ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜਪੁਰ ਦੇ ਕਿਸਾਨ ਪਰਮਜੀਤ ਸਿੰਘ ਦੀ ਮੱਝ ਸਭ ਤੋਂ ਵੱਧ 27.200 ਕਿਲੋਗ੍ਰਾਂਮ ਦੁੱਧ ਦੇ ਕੇ ਪਹਿਲੇ ਸਥਾਨ 'ਤੇ ਰਹੀ ਅਤੇ ਉਸਨੇ ਡੇਡ ਲੱਖ ਰੁਪਏ ਦਾ ਪਹਿਲਾ ਇਨਾਮ ਜਿੱਤਿਆ। ਦੂਜਾ ਇਨਾਮ ਸਾਂਝੇ ਤੌਰ 'ਤੇ ਫਾਜ਼ਲਿਕਾ ਜ਼ਿਲ੍ਹੇ ਦੇ ਪਿੰਡ ਚੱਕ ਬਰੂਕ ਦੇ ਕਿਸਾਨ ਬਰਿੰਦਰ ਸਿੰਘ ਦੀ ਮੱਝ ਅਤੇ ਹਿਸਾਰ ਦੇ ਪਿੰਡ ਮੁੰਦਲ ਦੇ ਕਿਸਾਨ ਪਵਨ ਕੁਮਾਰ ਦੀਆਂ ਮੱਝ ਨੇ ਬਰਾਬਰ 21.800 ਕਿਲੋ ਗ੍ਰਾਂਮ ਦੁੱਧ ਦੇ ਹਾਸਲ ਕੀਤਾ।

ਬੱਕਰੀਆਂ ਦੇ ਦੁੱਧ ਚੋਆਈ ਮੁਕਾਬਲੇ ਵਿੱਚ ਸਭ ਤੋਂ ਵੱਧ ਦੁੱਧ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਲੋਹਾਰਕਾ ਕਾਲਾ ਦੇ ਕਿਸਾਨ ਬਲਦੇਵ ਸਿੰਘ ਦੀ ਬੱਕਰੀ ਨੇ 4.466 ਕਿਲੋ ਗ੍ਰਾਂਮ ਦੁੱਧ ਦਿੱਤਾ ਅਤੇ ਪਹਿਲਾ ਸਥਾਨ ਹਾਸਲ ਕੀਤਾ। ਦੂਜਾ ਸਥਾਨ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਭਾਰਤਵਾਲ ਦੇ ਕਿਸਾਨ ਦਾਰਾ ਦੀ ਬੱਕਰੀ ਨੇ 4.172 ਕਿਲੋ ਗ੍ਰਾਂਮ ਦੁੱਧ ਦੇ ਹਾਸਲ ਕੀਤਾ ਜਦਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਹਿਸਰਾ ਦੇ ਕਿਸਾਨ ਹਰਮੇਸ਼ ਸਿੰਘ ਦੀ ਬੱਕਰੀ 4.012 ਕਿਲੋਗ੍ਰਾਂਮ ਦੁੱਧ ਦੇ ਕੇ ਤੀਜੇ ਸਥਾਨ 'ਤੇ ਰਹੀ। ਇਸ ਤੋਂ ਇਲਾਵਾ 5 ਦਿਨ ਚੱਲੀ ਇਸ ਕੌਮੀ ਪਸ਼ੂ ਧੰਨ ਚੈਂਪੀਅਨਸ਼ਿਪ ਵਿੱਚ ਘੋੜੇ, ਗਾਵਾਂ,



ਮੱਝਾਂ, ਭੇਡਾਂ, ਬੱਕਰੀਆਂ, ਸੂਰ, ਕੁੱਤੇ, ਪੋਲਟਰੀ ਦੇ ਨਸਲਾਂ ਦੇ ਮੁਕਾਬਲੇ ਵੀ ਕਰਵਾਏ ਗਏ ਅਤੇ ਨਾਲ ਪਸ਼ੂ ਪਾਲਣ ਕਿੱਤੇ ਨਾਲ ਸਬੰਧਤ ਅਤੇ ਖੇਤੀਬਾੜੀ ਨਾਲ ਸਬੰਧਤ ਵਿਚਾਰ ਗੋਸ਼ਟੀਆਂ ਵੀ ਕੀਤੀਆਂ ਗਈਆਂ। ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਪਸ਼ੂਆਂ ਦੇ ਦੁੱਧ ਚੁਆਈ ਅਤੇ ਪਸ਼ੂਆਂ ਦੀਆਂ ਨਸਲਾਂ ਦੇ ਮੁਕਾਬਲਾ ਜੇਤੂ ਪਸ਼ੂ-ਪਾਲਕਾਂ ਨੂੰ 2 ਕਰੋੜ ਰੁਪਏ ਨਕਦ ਇਨਾਮ ਤਕਸੀਮ ਕੀਤੇ।

ਇਸ ਮੌਕੇ ਜੇਤੂ ਪਸ਼ੂ ਪਾਲਕਾਂ ਅਤੇ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਪਸ਼ੂ ਪਾਲਕਾਂ ਨੂੰ ਵਧਾਈ ਦਿੰਦਿਆਂ ਪਸ਼ੂ ਪਾਲਣ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਪਸ਼ੂ ਪਾਲਣ ਦੇ ਕਿੱਤੇ ਨਾਲ ਜੋੜਨ ਲਈ ਪੂਰੇ ਯਤਨ ਕਰ ਰਹੀ ਹੈ ਅਤੇ ਬਟਾਲਾ ਵਿਖੇ ਹੋਈ ਇਹ 11ਵੀਂ ਕੌਮੀ ਪਸ਼ੂਧੰਨ ਚੈਂਪੀਅਨਸ਼ਿਪ ਅਤੇ ਐਗਰੀ ਐਕਸਪੋ ਇਨ੍ਹਾਂ ਯਤਨਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਹ ਪਸ਼ੂਧੰਨ ਚੈਂਪੀਅਨਸ਼ਿਪ ਮਾਝਾ ਖੇਤਰ ਦੇ ਕਿਸਾਨਾਂ ਨੂੰ ਪਸ਼ੂ ਪਾਲਣ ਦਾ ਕਿੱਤਾ ਸ਼ੁਰੂ ਕਰਨ ਲਈ ਉਤਸ਼ਾਹਤ ਕਰੇਗੀ। ਉਨ੍ਹਾਂ ਕਿਹਾ ਰਾਜ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਪਸ਼ੂ ਪਾਲਕ ਵਧੀਆ ਨਸਲ ਦੇ ਪਸ਼ੂ ਪਾਲਣ ਤਾਂ ਜੋ ਉੱਹ ਵੱਧ ਦੁੱਧ ਦੀ ਪੈਦਾਵਾਰ ਲੈ ਕੇ ਮੁਨਾਫਾ ਕਮਾ ਸਕਣ।

ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਪਸ਼ੂ ਪਾਲਕਾਂ ਨੂੰ ਵਧੀਆ ਨਸਲ ਦਾ ਸੈਕਸਡ ਸੀਮਨ ਬਹੁਤ ਘੱਟ ਕੀਮਤਾਂ 'ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸ. ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਪਸ਼ੂ ਪਾਲਣ ਅਤੇ ਡੇਅਰੀ ਦੇ ਕਿੱਤੇ ਦੀ ਸਿਖਲਾਈ ਦੇ ਰਹੀ ਹੈ ਅਤੇ ਨਾਲ ਹੀ ਸਬਸਿੱਡੀ ਉੱਪਰ ਕਰਜ਼ੇ ਦੇ ਰਹੀ ਹੈ ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਸਫਲ ਕਿੱਤੇ ਨਾਲ ਜੋੜਿਆ ਜਾ ਸਕੇ। ਉਨ੍ਹਾਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਖੁਦ ਕਿਸਾਨ ਹਨ ਅਤੇ ਉਹ ਸੂਬੇ ਦੀ ਕਿਸਾਨੀ ਦੀ ਹਾਲਤ ਤੋਂ ਬਹੁਤ ਚੰਗੀ ਤਰ੍ਹਾਂ ਵਾਕਫ਼ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਬਾਜਵਾ ਨੇ ਐਲਾਨ ਕੀਤਾ ਕਿ ਅਗਲੇ ਸਾਲ ਵੀ ਇਹ ਕੌਮੀ ਪਸ਼ੂਧੰਨ ਚੈਂਪੀਅਨਸ਼ਿਪ ਬਟਾਲਾ ਵਿਖੇ ਹੋਵੇਗੀ

ਇਸ ਮੌਕੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਹਿਕਾਰਤਾ ਵਿਭਾਗ ਕਿਸਾਨਾਂ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ ਅਤੇ ਸੂਬਾ ਸਰਕਾਰ ਇਸ ਵਿਭਾਗ ਦੇ ਜਰੀਏ ਕਿਸਾਨਾਂ ਦਾ ਵੱਧ ਤੋਂ ਵੱਧ ਭਲਾ ਕਰਨ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਕੇ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿਸ ਸਹਿਕਾਰਤਾ ਵਿਭਾਗ ਵਲੋਂ ਸੂਬੇ ਵਿੱਚ ਸਰਕਾਰੀ ਸਹਿਕਾਰੀ ਖੰਡ ਮਿੱਲਾਂ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਗੰਨੇ ਦੀ ਫਸਲ ਤੋਂ ਵੱਧ ਤੋਂ ਵੱਧ ਮੁਨਾਫਾ ਮਿਲ ਸਕੇ।


jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਮਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SIDH SHAKTI
SARRAV SANHJA DARBAR
BABA BALAK NATH JI KA 32ND TORONTO CHALLA
MARCH 15TH, 2020
210 ISLINGTON AVE / ETOBICOKE / M8V 3B6
STARTING AT 11AM, DEPARTING MANDIR AT 1PM DOWN BIRMINGHAM RD
www.sidhshaktibhawan.com / sidhshaktiinfo@gmail.com / Call: (416)-275-4266

ਕੈਨੇਡੀਅਨ ਪੰਜਾਬੀ ਪੋਸਟ
Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸਰਬੱਤ ਦਾ ਭਲਾ ਟਰੱਸਟ ਦੀ ਅੰਮ੍ਰਿਤਸਰ ਇਕਾਈ ਦਾ ਪੁਨਰਗਠਨ

## ਸੁਖਜਿੰਦਰ ਹੇਰ ਪ੍ਰਧਾਨ, ਮਨਪ੍ਰੀਤ ਸੰਧੂ ਜਨਰਲ ਸਕੱਤਰ,ਸ਼ਿਸ਼ਪਾਲ ਲਾਡੀ ਮੀਤ ਪ੍ਰਧਾਨ ਤੇ ਨਵਜੀਤ ਘਈ ਖਜ਼ਾਨਚੀ ਚੁਣੇ, ਸੁਖਦੀਪ ਸਿੱਧੂ ਮਾਝਾ ਖੇਤਰ ਲਈ ਸਲਾਹਕਾਰ ਨਿਯੁਕਤ



ਅੰਮ੍ਰਿਤਸਰ, 3 ਮਾਰਚ (ਗਿਆਨ ਸਿੰਘ)- ਬਿਨਾਂ ਕਿਸੇ ਭੇਦ-ਭਾਵ ਦੇ ਹਰ ਨਸਲ,ਜਾਤ,ਰੰਗ, ਧਰਮ ਦੇ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਦੀ ਬਦੌਲਤ ਪੂਰੀ ਦੁਨੀਆਂ ਅੰਦਰ ਆਪਣੀ ਨਿਵੇਕਲੀ ਪਛਾਣ ਬਣਾਉਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵਕ ਡਾ.ਐਸ.ਪੀ.ਸਿੰਘ ਓਬਰਾਏ ਦੀ ਸਰਪ੍ਰਸਤੀ ਹੇਠ ਚੱਲਣ ਵਾਲੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਅੰਮ੍ਰਿਤਸਰ ਜ਼ਿਲ੍ਹਾ ਇਕਾਈ ਦਾ ਪੁਨਰਗਠਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਦੇ ਬੁਲਾਰੇ ਨੇ ਦੱਸਿਆ ਕਿ ਟਰੱਸਟ ਦੇ ਸੰਵਿਧਾਨ ਅਨੁਸਾਰ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰਨ ਵਾਲੀਆਂ ਸਾਰੀਆਂ ਜ਼ਿਲ੍ਹਾ ਇਕਾਈਆਂ ਦਾ ਪੁਨਰਗਠਨ ਕੀਤਾ ਜਾ ਰਿਹਾ ਹੈ,ਜਿਸ ਤਹਿਤ ਅੰਮ੍ਰਿਤਸਰ ਜ਼ਿਲ੍ਹਾ ਇਕਾਈ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਟਰੱਸਟ ਵੱਲੋਂ ਕੁਝ ਦਿਨ ਪਹਿਲਾਂ ਹੀ ਨਵੇਂ ਥਾਪੇ ਗਏ ਮਾਝਾ ਜੋਨ ਦੇ ਸਲਾਹਕਾਰ ਸੁਖਦੀਪ ਸਿੱਧੂ ਅਤੇ ਟਰੱਸਟ ਦੇ ਮੀਡੀਆ ਸਲਾਹਕਾਰ ਰਵਿੰਦਰ ਸਿੰਘ ਰੌਬਿਨ ਦੀ ਸਾਂਝੀ ਦੇਖ-ਰੇਖ 'ਚ ਸਮੁੱਚੀ ਕਮੇਟੀ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਨਵੀਂ ਚੁਣੀ ਗਈ ਕਮੇਟੀ 'ਚ ਸੁਖਜਿੰਦਰ ਸਿੰਘ ਹੇਰ ਮੁੜ ਜ਼ਿਲ੍ਹਾ ਪ੍ਰਧਾਨ, ਮਨਪ੍ਰੀਤ ਸਿੰਘ ਸੰਧੂ ਜਨਰਲ ਸਕੱਤਰ, ਸ਼ਿਸ਼ਪਾਲ ਸਿੰਘ ਲਾਡੀ ਮੀਤ ਪ੍ਰਧਾਨ, ਨਵਜੀਤ ਸਿੰਘ ਘਈ ਵਿੱਤ ਸਕੱਤਰ, ਜਦਕਿ ਹਰਜਿੰਦਰ ਸਿੰਘ ਮੁੱਧ ਤੇ ਬਲਵਿੰਦਰ ਕੌਰ ਸੰਯੁਕਤ ਸਕੱਤਰ ਚੁਣੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਪਰੋਕਤ ਅਹੁਦੇਦਾਰਾਂ ਨੂੰ ਚੁਣਨ ਤੋਂ ਇਲਾਵਾ ਜ਼ਿਲ੍ਹਾ ਕਮੇਟੀ ਮੈਂਬਰਾਂ ਦੀ ਵੀ ਚੋਣ ਕੀਤੀ ਗਈ ਹੈ। ਇਸ ਮੌਕੇ ਬੋਲਦਿਆਂ ਟਰੱਸਟ ਦੇ ਨਵੇਂ ਚੁਣੇ ਗਏ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਤੇ ਬਾਕੀ ਅਹੁਦੇਦਾਰਾਂ ਨੇ ਚੋਣ ਕਮੇਟੀ ਦਾ ਉਨ੍ਹਾਂ ਤੇ ਭਰੋਸਾ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਵਿਸ਼ਵਾਸ਼ ਦਿਵਾਉਂਦੇ ਹਨ ਕਿ ਡਾ.ਐਸ.ਪੀ.ਸਿੰਘ ਓਬਰਾਏ ਦੀ ਯੋਗ ਰਹਿਮੁਨਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਿਹਤ ਤੇ ਸਿੱਖਿਆ ਸਮੇਤ ਹੋਰਨਾਂ ਸਾਰੇ ਹੀ ਖੇਤਰਾਂ ਅੰਦਰ ਚਲਾਏ ਜਾ ਰਹੇ ਸੇਵਾ ਕਾਰਜਾਂ ਦਾ ਲਾਭ ਜ਼ਿਲ੍ਹੇ ਦੇ ਲੋੜਵੰਦ ਲੋਕਾਂ ਤੱਕ ਪੁਚਾਉਣ ਲਈ ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨਗੇ। ਇੱਥੇ ਇਹ ਵੀ ਦੱਸਣਯੋਗ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੁਨੀਆਂ ਦਾ ਇੱਕ ਅਜਿਹਾ ਵਾਹਦ ਟਰੱਸਟ ਹੈ ਜੋ ਦਾਨ ਦੇ ਰੂਪ ਵਿੱਚ ਕਿਸੇ ਕੋਲੋਂ ਇੱਕ ਵੀ ਪੈਸਾ ਇਕੱਠਾ ਨਹੀਂ ਕਰਦਾ,ਸਗੋਂ ਇਸ ਟਰੱਸਟ ਦਾ ਸਾਲਾਨਾ ਬਜਟ ਜੋ ਕਿ ਕਰੋੜਾਂ 'ਚ ਹੁੰਦਾ ਹੈ ਉਹ ਸਾਰਾ ਡਾ.ਐੱਸ.ਪੀ. ਸਿੰਘ ਉਬਰਾਏ ਹੀ ਆਪਣੀ ਨੇਕ ਕਮਾਈ 'ਚੋਂ ਕਰਦੇ ਹਨ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਟਰੱਸਟ ਦੇ ਸੀਨੀਅਰ ਮੈਂਬਰ ਆਰਟਿਸਟ ਸ਼ਿਵਦੇਵ ਸਿੰਘ ਬੱਲ, ਜਗਦੇਵ ਸਿੰਘ ਛੀਨਾ, ਪਲਵਿੰਦਰ ਸਿੰਘ ਸਰਹਾਲਾ, ਅਮਰਜੀਤ ਸਿੰਘ ਸੰਧੂ, ਹਰਜਿੰਦਰ ਸਿੰਘ ਹੇਰ, ਨਵਜੀਤ ਕੌਰ, ਆਸ਼ਾ ਤਿਵਾੜੀ ਆਦਿ ਵੀ ਮੌਜੂਦ ਸਨ।


# ਸ਼ਰਾਰਤੀ ਅਨਸਰ ਵੱਲੋਂ ਫਿਰ ਗੁਟਕਾ ਸਾਹਿਬ ਦੀ ਬੇਅਦਬੀ

ਝਬਾਲ, 3 ਮਾਰਚ (ਪੋਸਟ ਬਿਊਰੋ)- ਸਰਹੱਦੀ ਪਿੰਡ ਸੋਹਲ ਵਿਖੇ ਕੱਲ੍ਹ ਸਵੇਰੇ ਸ੍ਰੀ ਗੁਟਕਾ ਸਹਿਬ ਜੀ ਦੀ ਬੇਅਦਬੀ ਦੀ ਇੱਕ ਹੋਰ ਘਟਨਾ ਵਾਪਰ ਗਈ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।


ਮਿਲੀ ਜਾਣਕਾਰੀ ਅਨੁਸਾਰ ਪਿੰਡ ਸੋਹਲ ਦੇ ਜੋਗਿੰਦਰ ਸਿੰਘ ਪੁੱਤਰ ਤਾਰਾ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਸਵੇਰੇ ਕਰੀਬ ਅੱਠ ਵਜੇ ਡੇਅਰੀ 'ਤੇ ਦੁੱਧ ਪਾਉਣ ਜਾ ਰਿਹਾ ਸੀ ਅਤੇ ਗਲੀ 'ਚ ਸੜਕ ਦੇ ਲਾਗੇ ਕਿਸੇ ਸ਼ਰਾਰਤੀ ਅਨਸਰ ਨੇ ਗੁਟਕਾ ਸਾਹਿਬ ਜੀ ਦੇ ਅੰਗ ਪਾੜ ਕੇ ਸੁੱਟੇ ਹੋਏ ਸਨ। ਉਹ ਅੰਗਾਂ ਨੂੰ ਇਕੱਠੇ ਕਰ ਕੇ ਡੇਅਰੀ 'ਤੇ ਦੁੱਧ ਪਾਉਣ ਚਲਾ ਗਿਆ ਤੇ ਡੇਅਰੀ ਮਾਲਕ ਬਲਵੰਤ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਇਸ ਬਾਰੇ ਦੱਸਿਆ। ਬਲਵੰਤ ਸਿੰਘ ਨੇ ਪਿੰਡ ਘਟਨਾ ਦੇ ਬਾਰੇ ਸਤਿਕਾਰ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਤਾਂ ਉਨ੍ਹਾ ਨੇ ਫੋਨ 'ਤੇ ਥਾਣਾ ਝਬਾਲ ਵਿਖੇ ਇਸ ਦੀ ਜਾਣਕਾਰੀ ਦਿੱਤੀ। ਮੌਕੇ 'ਤੇ ਪਹੁੰਚੇ ਐੱਸ ਪੀ ਜਗਜੀਤ ਸਿੰਘ ਵਾਲੀਆ ਅਤੇ ਹੋਰ ਅਧਿਕਾਰੀਆਂ ਨੇ ਲੋਕਾਂ ਕੋਲੋਂ ਪੁੱਛਗਿੱਛ ਕੀਤੀ, ਜਿਸ 'ਤੇ ਬਾਬਾ ਕਰਮ ਸਿੰਘ ਪੁੱਤਰ ਚੂਹੜ ਸਿੰਘ ਨੇ ਕਿਹਾ ਕਿ ਉਹ ਸ੍ਰੀ ਅਖੰਡ ਪਾਠ ਸਾਹਿਬ ਡਿਊਟੀ ਲਾਉਣ ਲਈ ਸਵੇਰੇ ਕਰੀਬ 7.45 'ਤੇ ਘਰੋਂ ਨਿਕਲਿਆ ਸੀ, ਓਦੋਂ ਤੱਕ ਗਲੀ 'ਚ ਕੁਝ ਨਹੀਂ ਸੀ। ਪੁਲਸ ਵੱਲੋਂ ਕੁਝ ਆਸਪਾਸ ਘਰਾਂ 'ਚ ਜਾ ਕੇ ਘਰਾਂ 'ਚ ਰੱਖੇ ਗੁਟਕਾ ਸਾਹਿਬ ਚੈਕ ਕੀਤੇ ਅਤੇ ਗੁਟਕਾ ਸਾਹਿਬ ਦੇ ਪਾੜੇ ਹੋਏ ਅੰਗ ਪੁਲਸ ਦੀ ਨਿਗਰਾਨੀ 'ਚ ਇਸ ਪਿੰਡ ਵਿੱਚ ਗੁਰਦੁਆਰਾ ਬਾਬਾ ਸੈਣ ਭਗਤ ਵਿਖੇ ਰਖਵਾ ਦਿੱਤੇ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8






Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।





VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

Dr. Randhawa Dentistry
Your own dentist who really cares for you



We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹਨਾਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK




INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਓ

- Industrial Lighting / Automation
- Residential/ Commercial/ Industrial
- Basement / Custom Homes Wiring
- Service Panel Upgrading
- Fire Alarm / Security System
- Drive way Lights
- CCTV Camera
- UPS & Battery Banks



Contact: Nirmal Johal
Certified Technician
647-716-2677

TICKETS 2 INDIA

(587) 419-0511



Flights from
Toronto (YYZ) - Delhi (DEL) - Toronto
**CAD 1196**
Return

Flights from
Vancouver (YVR) - Delhi (DEL) - Vancouver
**CAD 1203**
Return

Authorized agents for

AIR CANADA
Lufthansa
AIR CHINA
QATAR AIRWAYS القطرية
Fly Emirates
एअर इंडिया AIR INDIA
UNITED AIRLINES
BRITISH AIRWAYS
الاتحاد ETIHAD AIRWAYS

ਸਾਨੂੰ ਹੇਠਲੇ ਦਿੱਤੇ ਨੰਬਰ ਤੇ ਸੰਪਰਕ ਕਰੋ ਅਤੇ ਆਪਣੇ ਲਈ ਵਧੀਆ ਡੀਲ ਲਵੋ

ਅੱਜ ਹੀ ਸਾਨੂੰ ਫੋਨ ਘੁਮਾਓ ਅਤੇ ਆਪਣੀਆਂ ਸੀਟਾਂ ਦੀ ਬੁਕਿੰਗ ਕਰਵਾਓ



Cruise sale from
$140 per day only

ਇਹ ਆਫਰ ਸੀਟਾਂ ਦੇ ਖਤਮ ਹੋਣ ਤੱਕ ਹੀ ਹੈ

ਕੀ ਤੁਸੀਂ ਸਸਤੀਆਂ ਅਤੇ ਕਮਰਸ਼ੀਅਲ
ਏਅਰ ਟਰੇਵਲ ਡੀਲਾਂ ਦੀ ਭਾਲ ਵਿੱਚ ਹੋ ?

(587) 419-0511

ਘੱਟ ਕੀਮਤ ਦਾ ਪਤਾ ਲਗਾਓ,
ਅਸੀਂ ਤੁਹਾਨੂੰ 200% ਫਰਕ ਵਾਪਸ
ਕਰ ਦੇਵਾਂਗੇ

www.ticket2-india.com
10050 - 112th Street Suites 904 & 1001, Edmonton, AB T5K 2J1, Canada

tickets2indiaca@gmail.com

ਕਿਰਪਾ ਕਰਕੇ ਹਰ ਕੋਈ ਆਪਣੀ ਜਿਮੇਵਾਰੀ ਤੇ ਟਿਕਟਾਂ ਖਰੀਦਣ। ਇਸ ਵਿੱਚ ਪੰਜਾਬੀ ਪੋਸਟ ਅਖਬਾਰ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਧੰਨਵਾਦ ਸਹਿਤ।



www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE WILL BUY IT!

#1 Top Ranked in Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 2012,2011,2010) **(2009,2008) **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON






**ਹਰੰਟਾਰੀਓ (ਹਾਈਵੇ 10) / ਮੇਅਫੀਲਡ**

ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿੱਚ 4 ਬੈਡਰੂਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅਤੇ ਇਨਗਰਾਊਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿੱਚ ਹਾਰਡਵੂਡ ਫਲੋਰ ਹੈ ਅਤੇ ਕਿਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।


BRAMPTON



**ਫਾਦਰ ਟੋਬੀਨ / ਬਰੈਮਲੀਅ ਰੋਡ**

ਰੈਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਏਨਟਰੀ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਹਾਰਡਵੂਡ ਫਲੋਰ ਅਤੇ ਸਟੈਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੂਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਟਰ ਟਾਪ ਅਤੇ ਸੈਂਟਰ ਆਈਲੈਂਡ।


BRAMPTON



**ਸੈਂਡਲਵੁਡ / ਬ੍ਰਿਸਡੈਲ / ਕ੍ਰੇਡੀਟਵਿਊ**

ਬਹੁਤ ਹੀ ਸੋਹਣਾ 4 ਬੈਡਰੂਮ +3 ਵਾਸ਼ਰੂਮ ਅਤੇ 2 ਕਾਰ ਗਰਾਜ ਦਾ ਡੀਟੈਚਡ ਘਰ ਜਿਸ ਵਿੱਚ 2 ਫੈਮਲੀ ਰੂਮ ਹਨ ਅਤੇ ਬੇਸਮੈਂਟ ਲਈ ਸੈਪਰੇਟ ਏਨਟਰੈਂਸ ਹੈ। ਸਾਰੇ ਘਰ ਵਿੱਚ ਵੂਡ ਫਲੋਰ। ਕਈ ਕਾਰਪਟ ਨਹੀਂ। ਘਰ ਦੇ ਅੱਗੇ ਸਾਈਡ ਵਾਕ ਨਹੀਂ ਹੈ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਇਨ ਕਲਾਜਟ, ਮੈਨ ਫਲੋਰ ਲਾਂਡਰੀ।

BRAMPTON



**ਵੇਨ ਕ੍ਰਿਕ/ ਵੇਨਲੈਸ/ ਮੈਅਫਿਲਡ**

ਬਹੁਤ ਹੀ ਸ਼ਾਨਦਾਰ 2400 ਸੁਕੇਅਰ ਫੁੱਟ ਤੇ ਬਣਿਆ 4+2 ਬੈਡਰੂਮ ਅਤੇ 5 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਜਿਸ ਵਿੱਚ 2 ਬੈਡਰੂਮ ਦੀ ਫਿਨੀਸ਼ਡ ਬੇਸਮੈਂਟ ਬਣੀ ਹੋਈ ਹੈ ਅਤੇ ਸੇਪਰੈਟ ਏਨਟਰੈਂਸ ਹੈ। ਸਾਰੇ ਘਰ ਵਿੱਚ ਲੈਮੀਨੇਟ ਫਲੋਰ। ਮੈਨ ਫਲੋਰ 9 ਫੁੱਟ ਸਿਲਿੰਗ। ਸੋਹਣੀ ਇਟ ਇਨ ਕਿਚਨ ਅਤੇ ਗਰੇਨਾਈਟ ਕਾਊਨਟਰ ਟਾਪ।ਮਾਸਟਰ ਬੈਡਰੂਮ 5 ਪੀਸ



# Grand Upholstery Ltd
## Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com

Unbeatable Prices with Excellent Customer Service

SERVING ONTARIO FROM
TORONTO 44 FASKEN DR, # 2 - 9 ETOBICOKE, ON M9W 5M8 (416)-792-0877, (416)-551-3343
STONEY CREEK #6 – 410 LEWIS ROAD STONEY CREEK, ON L8E 5Y7 (905) 643-0818
LONDON #4 -1540 FANSHAWE PARK RD. W, LONDON, ON N6H 5L8 (519)-641-1010
BRAMPTON 1-241 CLARENCE ST., BRAMPTON, ON L6W 3E7 (416)-551-3343

AUTHORISED DEALER OF ALL NAME BRANDS
JENN-AIR Whirlpool MAYTAG Electrolux SAMSUNG LG KitchenAid FRIGIDAIRE GE

BRAND NEW & OPEN BOX APPLIANCES



Carte WEALTH MANAGEMENT INC. KANG TAX & FINANCIAL SERVICES

- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***

FREE Tax Filing For New Immigrants

416-271-4877

Sukhwinder Kang (M.Sc. CFP) Financial Advisor

2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

e-mail:sukhwinder.kang@cartewm.com

* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Axxel Insurance.



Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post - Claim Underwriting | Time of Application ✓ |

Know the Difference
Be Informed.

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Life Insurance Coverage up to $500,000
No Medical Test Needed

Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575



# REXDALE BODY SHOP
USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



IFS INTERSTATE FREIGHT SYSTEMS INC.

# A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677